Hansti Duniya (Punjabi)
Vol. 47 ✶No. 08 ✶August 2023

₹15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

★ VOL - 47

ਅੰਕ - 08 ★ ਅਗਸਤ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009

Editor (Honorary)

Sulekh Singh 'Sathi'



E-mail : hduniya.punjabi@nirankari.org

editorial@nirankari.org

Ph. : 011-47660200

Fax : 011-27608215

Website : www.nirankari.org

kids.nirankari.org


## Subscription Details

| ਦੇਸ਼ | 1 ਸਾਲ | 3 ਸਾਲ | 5 ਸਾਲ |
|---|---|---|---|
| ਭਾਰਤ/ਨੇਪਾਲ | ₹ 150 | ₹ 400 | ₹ 700 |
| ਯੂ.ਕੇ. | £ 15 | £ 40 | £ 70 |
| ਯੂਰਪ | € 20 | € 55 | € 95 |
| ਅਮਰੀਕਾ | $ 25 | $ 70 | $ 120 |
| ਕਨਾਡਾ/ਆਸਟ੍ਰੇਲੀਆ | $ 30 | $ 85 | $ 140 |

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ

04




18



21



22



46



## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿਤੱਰਕਥਾ 46

# ਕਹਾਣੀਆਂ


08. ਫਲਾਂ ਦੀ ਦਾਵਤ
– ਫਾਰੁਖ ਹੁਸੈਨ

13. ਆਪਣਾ-ਆਪਣਾ ਨਜ਼ਰੀਆ
– ਅਰਚਨਾ ਸੋਗਾਨੀ

26. ਸੋਨੀ, ਪੰਮਾ ਅਤੇ ਮੁਨਮੁਨ
– ਪ੍ਰਿਤਪਾਲ ਸਾਦਿਕ

32. ਖੂਹ ਵਿੱਚ ਡਿਗਿਆ ਚੰਨ੍ਹ
– ਕਮਲ ਸੋਗਾਨੀ

33. ਸਮਰਾਟ ਦੀ ਮਹਾਨਤਾ
– ਸ਼ਾਮਸੁੰਦਰ 'ਸੁਮਨ'

34. ਕਲਾ ਪਾਰਖੀ ਕੌਣ?
– ਵਿਭਾ ਵਰਮਾ

36. ਗਲਤੀ ਦਾ ਅਹਿਸਾਸ
– ਅਮਨਪ੍ਰੀਤ ਸਿੰਘ

42. ਚੋਰੀ ਦੀ ਸਜਾ
– ਦੀਪਾਂਸ਼ੂ ਜੈਨ


# ਗੀਤ-ਕਵਿਤਾਵਾਂ


05. ਰੱਖੜੀ
– ਸੁਮਿਤ

16. ਪਾਣੀ ਦਾ ਸਹੀ ਉਪਯੋਗ
– ਗਫ਼ੂਰ 'ਸਨੇਹੀ'

20. ਆਜ਼ਾਦੀ
– ਓਮਕਾਰ ਸੂਦ

31. ਬਾਲ ਸੁਰੱਖਿਆ
– ਡਾ. ਪਰਸ਼ੂਰਾਮ ਸ਼ੁਕਲ

45. ਆਜ਼ਾਦੀ ਨੂੰ ਕਦੇ ਨਾ ਭੁੱਲੋ
– ਡਾ. ਹਰੀਸ਼


06



# ਵਿਸ਼ੇਸ਼ ਲੇਖ


06. ਭਾਰਤੀ ਸੁਤੰਤਰਤਾ ਦਿਵਸ
– ਨਿਰਮਲ

14. ਕਮਾਲ ਦੀ ਹੈ ਡਾਲਫਿਨ ...
– ਹਰਜਿੰਦਰ ਪਾਇਲ

17. ਮ੍ਰਿਗਤ੍ਰਿਸ਼ਣਾ ਕੀ ਹੈ?
– ਗੋਵਿੰਦ ਸਾਂਵਲ

30. ਸੱਚਾਈ ਬਾਲਿਕਾ ਵਿਕਟੋਰੀਆ ...
– ਅਮਰਜੀਤ ਸਿੰਘ 'ਅਮਰ'

35. ਕੋਈ ਗੋਰਾ, ਕੋਈ ਕਾਲਾ
– ਪ੍ਰਭਜੋਤ ਕੌਰ

41. ਇੱਕ ਅਨੋਖਾ ਜੰਗਲ
– ਰਾਜਕੁਮਾਰ ਜੈਨ


26



32



36



# ਅਧਿਕਾਰਾਂ ਦਾ ਬੰਧਨ

ਪਿਆਰੇ ਬੱਚਿਓ! ਅਸੀਂ ਹਰ ਸਾਲ ਭਾਰਤਵਰਸ਼ ਦੀ ਆਜ਼ਾਦੀ ਦਾ ਤਿਓਹਾਰ ਮਨਾਉਂਦੇ ਹਾਂ। ਹਰ ਸਾਲ ਅਸੀਂ ਤਿਰੰਗਾਂ ਫਹਿਰਾਉਂਦੇ ਹਾਂ ਅਤੇ ਅਪਣੇ ਰਾਸ਼ਟਰ ਦੇ ਪ੍ਰਤੀ ਅਪਣੀ ਆਸਥਾ ਵੀ ਪ੍ਰਗਟ ਕਰਦੇ ਹਾਂ। ਆਜ਼ਾਦੀ ਸਾਨੂੰ ਸਾਰਿਆਂ ਨੂੰ ਚੰਗੀ ਲਗਦੀ ਹੈ। ਲੱਗੇ ਵੀ ਕਿਓਂ ਨਾ। ਅਸੀਂ ਅਪਣੀ ਮਰਜ਼ੀ ਨਾਲ ਪੜਨਾ ਚਾਹੁੰਦੇ ਹਾਂ, ਅਪਣੀ ਮਰਜ਼ੀ ਨਾਲ ਖੇਡ-ਕੁੱਦ ਵਿੱਚ ਸਮਾਂ ਵੀ ਬਤੀਤ ਕਰਨਾ ਚਾਹੁੰਦੇ ਹਾਂ। ਕੋਈ ਵੀ ਸਾਨੂੰ ਜੇਕਰ ਰੋਕੇ ਤਾਂ ਸਾਨੂੰ ਚੰਗਾ ਵੀ ਨਹੀਂ ਲਗਦਾ। ਇਸੀ ਤਰ੍ਹਾਂ ਅਸੀਂ ਅਪਣੀ ਮਨਮਰਜ਼ੀ ਨੂੰ ਵੀ ਆਜ਼ਾਦੀ ਸਮਝਣਾ ਸ਼ੁਰੂ ਕਰ ਦੇ ਦੇ ਹਾਂ। ਜੇਕਰ ਅਸੀਂ ਸਮੇਂ ਤੇ ਸਕੂਲ ਦਾ ਹੋਮਵਰਕ ਨਾ ਕਰੀਏ, ਸਮੇਂ ਤੇ ਸਕੂਲ ਨਾ ਆਈਏ, ਕਲਾਸ ਵਿੱਚ ਗੱਲਬਾਤ ਕਰਦੇ ਰਹੀਏ ਤਾਂ ਅਧਿਆਪਕ ਨੂੰ ਵੀ ਰੋਕਣਾ ਜਾਂ ਟੋਕਣਾ ਪੈਂਦਾ ਹੈ ਅਤੇ ਕਦੇ-ਕਦੇ ਸਜਾ ਵੀ ਦੇਣੀ ਪੈਂਦੀ ਹੈ।

ਆਜ਼ਾਦੀ ਦੀ ਵੀ ਇੱਕ ਮਰਯਾਦਾ ਹੁੰਦੀ ਹੈ ਅਤੇ ਮਰਯਾਦਾ ਵਿੱਚ ਰਹਿ ਕੇ ਵੀ ਸਾਨੂੰ ਸਾਰੇ ਵੱਡਿਆਂ ਦਾ, ਟੀਚਰ ਦਾ ਸਨਮਾਨ ਕਰਨਾ ਚਾਹੀਦਾ ਹੈ। ਕੋਈ ਵੀ ਕਿਸੇ ਦਾ ਬੰਧਕ ਬਣ ਕੇ ਨਹੀਂ ਰਹਿਣਾ ਚਾਹੁੰਦਾ ਅਤੇ ਰਹਿਣਾ ਵੀ ਨਹੀਂ ਚਾਹੀਦਾ। ਇਸਲਈ ਸਾਨੂੰ ਦੂਜਿਆਂ ਦੀ ਆਜ਼ਾਦੀ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਪਿਆਰੇ ਬੱਚਿਓ, ਆਜ਼ਾਦੀ ਸਾਡੇ ਵਿਚਾਰਾਂ ਵਿੱਚ ਹੋਣੀ ਚਾਹੀਦੀ ਹੈ ਲੇਕਿਨ ਆਜ਼ਾਦੀ ਦਾ ਪ੍ਰਗਟਾਵਾ ਕਰਦੇ ਸਮੇਂ, ਬੋਲਦੇ ਸਮੇਂ, ਲਿਖਦੇ ਸਮੇਂ ਦੂਜਿਆਂ ਦੀ ਆਜ਼ਾਦੀ ਦਾ ਵੀ ਖ਼ਿਆਲ ਰੱਖਣਾ ਸਾਡਾ ਫਰਜ਼ ਹੈ। ਸਾਡੇ ਸੰਵਿਧਾਨ ਨੇ ਸਾਨੂੰ ਕਈ ਮੌਲਿਕ ਅਧਿਕਾਰ ਵੀ ਦਿੱਤੇ ਹਨ ਜਿਵੇਂ ਸਮਾਨਤਾ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ, ਧਾਰਮਿਕ ਆਜ਼ਾਦੀ ਆਦਿ। ਅਸੀਂ ਅਪਣਾ ਛੋਟਾ ਜਿਹਾ ਸਵਾਰਥ ਪੂਰਾ ਕਰਨ ਲਈ ਦੂਜੇ ਨੂੰ ਜ਼ਿਆਦਾ ਨੁਕਸਾਨ ਪਹੁੰਚਾਣਾ, ਇਸ ਤਰ੍ਹਾਂ ਦੇ ਵਿਵਹਾਰ ਤੋਂ ਵੀ ਦੂਰ ਰਹਿਣਾ ਹੈ।

ਅੱਜ ਵਿਅਕਤੀ ਅਧਿਕਾਰਾਂ ਨੂੰ, ਆਜ਼ਾਦੀ ਨੂੰ ਹਾਸਿਲ ਕਰਨ ਲਈ ਅਪਣੇ ਕਰਤੱਵਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇਂਦਾ। ਕਰਤੱਵਾਂ ਨੂੰ ਪੂਰਾ ਨਾ ਕਰਨ ਲਈ ਉਹ ਅਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਲੈਂਦਾ ਹੈ ਜਿਵੇਂ ਕਿ ਉਨ੍ਹਾਂ ਨੂੰ ਅਪਣੇ ਕਰਤੱਵਾਂ ਦੀ ਜਾਣਕਾਰੀ ਹੀ ਨਹੀਂ ਹੈ। ਅਪਣੇ ਛੋਟੇ-ਵੱਡੇ ਸਾਰਿਆਂ ਦਾ ਸਨਮਾਨ ਕਰਨਾ ਵੀ ਭੁੱਲ ਜਾਂਦੇ ਹਨ। ਦੂਜੇ ਦਾ ਇਸਤੇਮਾਲ ਕਰਦੇ ਹਨ ਲੇਕਿਨ ਉਨ੍ਹਾਂ ਨੂੰ ਹੀ ਮੁਸ਼ਕਿਲ ਦੇ ਸਮੇਂ ਬੇ-ਸਹਾਰਾ ਅਤੇ ਉਪੇਛਿਤ ਕਰਕੇ ਜ਼ਿਆਦਾ ਦੁੱਖ ਵੀ ਦੇਂਦੇ ਹਨ।

ਆਜ਼ਾਦੀ ਸਿਰਫ਼ ਬੋਲਣ ਦੀ, ਸਮਾਨਤਾ ਦੀ, ਸਿੱਖਿਆ ਤਕ ਹੀ ਨਾ ਸੀਮਿਤ ਕਰਕੇ ਬੈਠ ਜਾਈਏ। ਇਹ ਵੀ ਯਾਦ ਰੱਖੀਏ ਕਿ ਬੋਲੀਏ ਤਾਂ ਕਿਸੇ ਦਾ ਦਿਲ ਨਾ ਤੋੜੀਏ, ਮਿੱਠਾ ਬੋਲੀਏ, ਕੌੜੇ ਵਚਨ ਨਾ ਬੋਲੀਏ। ਸਾਰਿਆਂ ਨੂੰ ਸਹੀ ਸਨਮਾਨ ਦੇਈਏ। ਸਿੱਖਿਆ ਸਿਰਫ਼ ਪੁਸਤਕਾਂ ਤੋਂ ਗ੍ਰਹਿਣ ਕਰ ਰੋਜ਼ਗਾਰ ਦਾ ਸਾਧਨ ਹੀ ਨਾ ਬਣ ਕੇ ਰਹਿ ਜਾਏ। ਸਿੱਖਿਆ ਤੋਂ ਅਪਣੇ ਆਪਨੂੰ ਪੜਿਆ-ਲਿਖਿਆ ਬਣਾਈਏ ਕਿ "ਮੈਂ ਅਪਣੇ ਸਾਰੇ ਕਰਤੱਵਾਂ ਦਾ ਪਾਲਨ ਜ਼ਰੂਰ ਕਰਾਂਗਾਂ।"

ਬੱਚਿਓ! ਅਸੀਂ ਸੋਚਣਾ ਹੈ ਕਿ ਕੀ ਮੇਰਾ ਮੇਰੇ ਮਨ ਤੇ ਅਧਿਕਾਰ ਹੈ। ਜੇਕਰ ਹੈ ਅਤੇ ਮਨ ਸਾਡਾ ਆਦੇਸ਼ ਮੰਨਦਾ ਹੈ ਤਾਂ ਸਾਨੂੰ ਕਰਤੱਵਾਂ ਨੂੰ ਨਿਭਾਉਣ ਦੀ ਗੱਲ ਵੀ ਨਹੀਂ ਕਰਨੀ ਪਏਗੀ। ਇਹੀ ਮਨ ਤਾਂ ਅਪਣੇ ਆਪਨੂੰ ਸਾਰੇ ਅਧਿਕਾਰਾਂ ਦਾ ਸਵਾਮੀ ਮੰਨਦਾ ਰਹਿੰਦਾ ਹੈ ਅਤੇ ਇਹੀ ਉਸਦਾ ਬੰਧਨ ਹੈ। ਬੰਧਨ ਵਿੱਚ ਰਹਿਣਾ ਕੋਈ ਵੀ ਪਸੰਦ ਨਹੀਂ ਕਰਦਾ ਲੇਕਿਨ ਜਿਥੇ ਪਿਆਰ ਹੁੰਦਾ ਹੈ ਉਥੇ ਵਿਅਕਤੀ ਆਪ ਹੀ ਬੰਨ੍ਹਿਆ ਹੋਇਆ ਚਲਿਆ ਆਉਂਦਾ ਹੈ, ਉਹ ਵੀ ਅਪਣੀ ਮਰਜ਼ੀ ਨਾਲ, ਭਾਵਕਿ ਅਪਣੀ ਆਜ਼ਾਦੀ ਨਾਲ। ਕਿਉਂ ਨਾ ਅਸੀਂ ਵੀ ਪਿਆਰ ਨਾਲ ਸਰਾਬੋਰ ਹੋ ਕੇ ਸਾਰਿਆਂ ਨੂੰ ਪਿਆਰ ਦੇਈਏ, ਕਿਉਂਕਿ ਜੋ ਵੀ ਆਪ ਦਿਓਗੇ ਉਹੀ ਵਾਪਿਸ ਆਪ ਦੇ ਕੋਲ ਹੀ ਆਏਗਾ। ਇਸਲਈ ...

"ਆਓ ਕਦਮ ਵਧਾਈਏ,<br>ਪ੍ਰੇਮ ਦੇ ਦੀਪ ਜਗਾਈਏ।"

✍ – **ਸੰਪਾਦਕ**

ਬਾਲ ਕਵਿਤਾ



# ਰੱਖੜੀ

– ਸੁਮਿਤ

*ਰੱਖੜੀ ਆਈ ਖੁਸ਼ੀਆਂ ਲਿਆਈ,*
*ਭੈਣ ਅੱਜ ਫੁੱਲੇ ਨਾ ਸਮਾਈ।*



*ਬੰਨ੍ਹੇ ਭਰਾ ਦੇ ਗੁੱਟ ਤੇ ਧਾਗਾ,*
*ਭਰਾ ਤੋਂ ਲੈਂਦੀ ਹੈ ਵਾਅਦਾ।*

*ਰੱਖੜੀ ਦੀ ਲਾਜ ਭਾਈ ਨਿਭਾਣਾ,*
*ਭੈਣ ਨੂੰ ਕਦੇ ਭੁੱਲ ਨਾ ਜਾਣਾ !*



*ਭਰਾ ਦੇਂਦਾ ਭੈਣ ਨੂੰ ਵਚਨ,*
*ਦੁੱਖ ਉਸ ਦੇ ਕਰ ਲਵੇਗਾ ਹਰਨ।*

*ਭੈਣ ਭਰਾ ਦਾ ਰਿਸ਼ਤਾ ਪਿਆਰਾ ਹੈ,*
*ਤਿਉਹਾਰ ਰੱਖੜੀ ਦਾ ਨਿਆਰਾ ਹੈ।*

*ਰੱਖੀ, ਰੋਲੀ ਅਤੇ ਮਿਠਾਈ,*
*ਇਨ੍ਹਾਂ ਨਾਲ ਥਾਲੀ ਖੂਬ ਸਜਾਈ।*





15 ਅਗਸਤ ਤੇ ਵਿਸ਼ੇਸ਼

# ਭਾਰਤੀ ਸੁਤੰਤਰਤਾ ਦਿਵਸ

*(ਪੰਜਾਬੀ ਰੂਪ - ਨਿਰਮਲ)*


15 ਅਗਸਤ, 1947 ਉਹ ਤਾਰੀਕ ਹੈ, ਜੋ ਭਾਰਤੀ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਦਰਜ਼ ਹੈ। ਇਹ ਉਹ ਦਿਨ ਸੀ ਜਿਸ ਦੇ ਬਾਦ ਪਹਿਲੀ ਵਾਰ ਭਾਰਤ ਦੇ ਲੋਕਾਂ ਨੇ ਇੱਕ ਆਜ਼ਾਦ ਦੇਸ਼ ਵਿੱਚ ਸਾਹ ਲਿਆ ਸੀ। ਇਹ ਉਹ ਦਿਨ ਸੀ ਜਦੋਂ ਭਾਰਤ ਦੇ ਲੋਕਾਂ ਨੂੰ ਉਨ੍ਹਾਂ ਦੇ ਵਾਜਿਬ ਅਧਿਕਾਰ ਮਿਲੇ ਜਾਂ ਫਿਰ ਇੰਝ ਕਹੀਏ ਇਹ ਉਹ ਦਿਨ ਸੀ ਜਿਸ ਦਿਨ ਇਸ ਦੇਸ਼ ਦੀ ਮਿੱਟੀ, ਧੂੜ, ਨਦੀਆਂ, ਪਹਾੜ, ਜੰਗਲ, ਆਬੋਹਵਾ ਅਤੇ ਬੱਚਾ-ਬੱਚਾ ਆਜ਼ਾਦ ਹੋਇਆ ਸੀ ਭਾਵ ਕਿ ਸਿੱਧੇ ਸ਼ਬਦਾਂ ਵਿੱਚ ਸਮਝੀਏ, ਤਾਂ ਸਾਡੇ ਦੇਸ਼ ਭਾਰਤ ਨੂੰ ਇਸ ਦਿਨ 200 ਸਾਲ ਦੇ ਅੰਗਰੇਜ਼ੀ ਹਕੂਮਤ ਤੋਂ ਆਜ਼ਾਦੀ ਮਿਲੀ ਸੀ। ਪਰ ਇਸ ਇੱਕ ਆਜ਼ਾਦੀ ਨੂੰ ਹਾਸਿਲ ਕਰਨ ਲਈ ਲੰਬਾ ਸਮਾਂ ਸੰਘਰਸ਼ ਕਰਨਾ ਪਿਆ। ਇਸ ਦੇ ਲਈ ਕਈਆਂ ਨੇ ਲੜਾਈ, ਕਈਆਂ ਨੇ ਹਕੂਮਤ ਦੇ ਅੱਤਿਆਚਾਰ ਦਾ ਸਾਹਮਣਾ ਕੀਤਾ, ਕਈਆਂ ਨੇ ਸੱਟਾਂ ਖਾਦੀਆਂ, ਕਈ ਸ਼ਹੀਦ ਹੋਏ, ਕਈਆਂ ਨੇ ਮੁਸਕੁਰਾਂਦੇ ਹੋਏ ਫਾਂਸੀ ਦੇ ਫੰਦੇ ਨੂੰ ਚੁੰਮ ਕੇ ਗਲੇ ਲਗਾਇਆ ਤਾਂ ਕਈਆਂ ਨੇ ਅਪਣਾ ਪੂਰਾ ਜੀਵਨ, ਅਪਣੀ ਪੂਰੀ ਜਵਾਨੀ ਇਸ ਆਜ਼ਾਦੀ ਨੂੰ ਹਾਸਿਲ ਕਰਨ ਵਿੱਚ ਝੌਂਕ ਦਿੱਤੀ। ਭਾਰਤ ਮਾਂ ਦੇ ਇਨ੍ਹਾਂ ਸੱਚੇ ਸਪੂਤਾਂ ਦੇ ਤਿਆਗ ਅਤੇ ਬਲੀਦਾਨ ਦੇ ਕਾਰਣ ਆਜ਼ਾਦੀ ਦਾ ਸਪਨਾ ਸਾਕਾਰ ਹੋਇਆ।

ਅੱਜ ਭਾਰਤ ਦੇ ਸਾਰੇ ਲੋਕ ਸਿਰ ਚੁਕ ਕੇ ਖੁਲ੍ਹੀ ਹਵਾ ਵਿੱਚ ਲਹਿਰਾਂਦੇ ਹੋਏ ਤਿਰੰਗੇ ਨੂੰ ਦੇਖ ਰਹੇ ਹਨ। ਤਾਂਹੀ ਤਾਂ 15 ਅਗਸਤ 1947 ਦਾ ਜ਼ਿਕਰ ਹੁੰਦੇ ਹੀ ਮਾਣ ਨਾਲ ਹਰ ਭਾਰਤੀ ਦਾ ਸੀਨਾ ਚੌੜਾ ਹੋ ਜਾਂਦਾ ਹੈ। ਇਸ ਦਿਨ ਦੇਸ਼ ਦੇ ਪ੍ਰਧਾਨਮੰਤਰੀ ਨਾ ਸਿਰਫ ਲਾਲ ਕਿਲੇ ਤੇ ਰਾਸ਼ਟਰੀ

ਝੰਡਾ ਫਹਿਰਾਂਦੇ ਹਨ, ਬਲਕਿ ਇਸ ਦੇ ਬਾਦ ਉਹ ਪੂਰੇ ਦੇਸ਼ ਨੂੰ ਲਾਲ ਕਿਲੇ ਤੋਂ ਸੰਬੋਧਿਤ ਕਰਦੇ ਹਨ। ਇਸ ਦੌਰਾਨ ਪ੍ਰਧਾਨਮੰਤਰੀ ਦਾ ਭਾਸ਼ਣ ਟੀਵੀ ਅਤੇ ਰੇਡੀਓ ਦੇ ਮਾਧਿਯਮ ਨਾਲ ਪੂਰੇ ਦੇਸ਼ ਵਿੱਚ ਪ੍ਰਸਾਰਿਤ ਕੀਤਾ ਜਾਂਦਾ ਹੈ। ਭਾਰਤੀ ਵਾਯੂਸੈਨਾ ਦੇ ਜਵਾਨ ਪੂਰੇ ਆਕਾਸ਼ ਵਿੱਚ ਘੁੰਮਦੇ-ਘੁੰਮਦੇ ਉਸ ਤਿਰੰਗੇ ਨੂੰ ਰੰਗ ਨਾਲ ਸਰਾਬੋਰ ਕਰ ਦੇਂਦੇ ਹਨ। ਭਾਰਤ ਦੇ ਕੋਨੇ-ਕੋਨੇ ਤੋਂ ਲੋਕ ਆਉਂਦੇ ਹੀ ਹਨ ਵਿਦੇਸ਼ੀ ਸੈਲਾਨੀਆਂ ਦੀ ਵੀ ਚੰਗੀ-ਖਾਸੀ ਲਾਲ ਕਿਲੇ ਤੇ ਭੀੜ ਉਮੜਦੀ ਹੈ।

ਭਾਰਤੀ ਸੁਤੰਤਰਤਾ ਦਿਵਸ ਨੂੰ ਲੈ ਕੇ ਰੰਗਾਂ-ਰੰਗ ਪ੍ਰੋਗਰਾਮ ਦਾ ਆਯੋਜਨ ਸਿਰਫ ਲਾਲ ਕਿਲੇ ਤਕ ਹੀ ਸੀਮਿਤ ਨਹੀਂ ਰਹਿੰਦਾ ਹੈ, ਬਲਕਿ ਇਸ ਦਿਨ ਦੇਸ਼ ਭਰ ਵਿੱਚ ਇਸ ਰਾਸ਼ਟਰੀ ਪੁਰਬ ਨੂੰ ਬੜੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਸਰਕਾਰੀ ਦਫ਼ਤਰਾਂ ਸਮੇਤ ਸਕੂਲ ਅਤੇ ਕਾਲਜਾਂ ਵਿੱਚ ਵੀ ਤਿਰੰਗਾ ਫਹਿਰਾਇਆ ਜਾਂਦਾ ਹੈ। ਕਈ ਬੱਚੇ 15 ਅਗਸਤ ਤੇ ਭਾਸ਼ਣ ਦੇਂਦੇ ਹਨ, ਤਾਂ ਕਈ ਨਾਟਕ, ਗੀਤ-ਸੰਗੀਤ ਸਮੇਤ ਹੋਰ ਕਲਾਵਾਂ ਦੇ ਮਾਧਿਯਮ ਨਾਲ ਇਸ ਦਿਨ ਨੂੰ ਯਾਦਗਾਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਇਸਦੇ ਇਲਾਵਾ ਸਰਕਾਰੀ ਦਫ਼ਤਰਾਂ ਵਿੱਚ ਵੀ ਇਸ ਦਿਨ ਰਾਸ਼ਟਰੀ ਝੰਗਾ ਫਹਿਰਾਇਆ ਜਾਂਦਾ ਹੈ। ਸਰਕਾਰੀ ਅਤੇ ਨਿਜੀ ਦਫ਼ਤਰਾਂ ਵਿੱਚ ਇਸ ਦਿਨ ਛੁੱਟੀ ਹੁੰਦੀ ਹੈ।

ਸੁਤੰਤਰਤਾ ਦਿਵਸ ਹਰ ਭਾਰਤੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਇਸ ਦਿਨ ਦੇ ਬਾਦ ਪਹਿਲੀ ਵਾਰ ਉਨ੍ਹਾਂ ਨੂੰ ਉਨ੍ਹਾਂ ਦੇ ਮੌਲਿਕ ਅਧਿਕਾਰ ਮਿਲੇ ਸਨ, ਜਿਵੇਂ ਕਿ ਸਿੱਖਿਆ ਦਾ ਅਧਿਕਾਰ, ਨਿਆਂ ਦਾ ਅਧਿਕਾਰ ਆਦਿ। ਇਹ ਕੇਵਲ ਇੱਕ ਰਾਸ਼ਟਰੀ ਪੁਰਬ ਨਹੀਂ ਬਲਕਿ ਸਾਡੇ ਵੱਲੋਂ ਉਨ੍ਹਾਂ ਵੀਰ ਸਪੂਤਾਂ ਨੂੰ ਸ਼ਰਧਾਂਜ਼ਲੀ ਵੀ ਹੈ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਅਪਣਾ ਤਨ-ਮਨ ਅਤੇ ਧਨ ਸਭ ਕੁਝ ਕੁਰਬਾਨ ਕਰ ਦਿੱਤਾ। ਫਿਰ ਚਾਹੇ ਉਹ ਰਾਣੀ ਲਕਛਮੀ ਬਾਈ ਹੋਵੇ, ਸ਼ਹੀਦ ਭਗਤ ਸਿੰਘ ਹੋਵੇ ਜਾਂ



ਫਿਰ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਹੋਣ। ਸਾਰਿਆਂ ਦਾ ਸੁਪਨਾ ਇੱਕ ਆਜਾਦ ਭਾਰਤ ਸੀ ਅਤੇ ਅੱਜ ਅਸੀਂ ਉਨ੍ਹਾਂ ਦੇ ਸੁਪਨਿਆਂ ਦੀ ਦੁਨੀਆਂ ਨੂੰ ਹਕੀਕਤ ਦੀਆਂ ਅੱਖਾਂ ਨਾਲ ਵੇਖ ਰਹੇ ਹਾਂ।

ਇਸ ਦਿਨ ਲਹਿਰਾਂਦੇ ਤਿਰੰਗੇ ਨੂੰ ਦੇਖਦੇ ਹੋਏ ਅਤੇ ਰਾਸ਼ਟਰਗਾਨ ਗਾਂਦੇ ਹੋਏ ਜਦ ਸਾਡੇ ਸੈਨਿਕ ਸਾਡੇ ਸ਼ਹੀਦ ਸਾਨੂੰ ਯਾਦ ਆਉਂਦੇ ਹਨ ਤਾਂ ਸਾਡੇ ਅੰਦਰ ਅਨੋਖੇ ਰੂਪ ਨਾਲ ਦੇਸ਼-ਭਗਤੀ ਦੀ ਭਾਵਨਾ ਦਾ ਸੰਚਾਰ ਹੁੰਦਾ ਹੈ।

# ਫਲਾਂ ਦੀ ਦਾਵਤ

– ਫਾਰੁਖ ਹੁਸੈਨ

ਭਾਨੂੰ ਭਾਲੂ ਦਾ ਬਹੁਤ ਵੱਡਾ ਫਲਾਂ ਦਾ ਬਾਗ ਸੀ। ਜਿਸ ਵਿੱਚ ਉਸ ਨੇ ਅੰਬ, ਅੰਗੂਰ, ਜਾਮੁਨ, ਲੀਚੀ, ਅੰਜੀਰ, ਆੜੂ ਆਦਿ ਦੇ ਰੁੱਖ ਲਗਾਏ ਹੋਏ ਸਨ। ਭਾਨੂੰ ਬਹੁਤ ਹੀ ਝਗੜਾਲੂ ਕਿਸਮ ਦਾ ਅਤੇ ਕੰਜੂਸ ਸੀ, ਜਿਸ ਕਾਰਣ ਉਹ ਕਿਸੇ ਨੂੰ ਫਲ ਖਾਣ ਲਈ ਨਹੀਂ ਦਿੰਦਾ ਸੀ। ਅਤੇ ਇਹੀ ਨਹੀਂ ਆਪਣੇ ਬਗੀਚੇ ਦੇ ਕੋਲ ਕਿਸੇ ਵੀ ਜਾਨਵਰ ਨੂੰ ਫਟਕਣ ਵੀ ਨਹੀਂ ਦਿੰਦਾ ਸੀ ਅਤੇ ਜੇਕਰ ਬੱਚੇ ਡਿੱਗਿਆ ਹੋਇਆ ਵੀ ਕੋਈ ਫਲ ਲੈ ਲੈਣ ਤਾਂ ਉਹਨਾਂ ਦੀ ਪਿਟਾਈ ਕਰ ਦਿੰਦਾ ਸੀ ਜਿਸ ਕਰਕੇ ਬਾਗ ਦੇ ਆਸਪਾਸ ਵੀ ਆਉਣ ਤੋਂ ਬੱਚੇ ਡਰਦੇ ਰਹਿੰਦੇ ਸੀ। ਬਾਗ ਨੂੰ ਕੋਈ ਨੁਕਸਾਨ ਨਾ ਹੋ ਸਕੇ ਇਸ ਲਈ ਉਹ ਬਾਗ ਵਿੱਚ ਹੀ ਝੌਂਪੜੀ ਪਾ ਕੇ ਰਹਿੰਦਾ ਸੀ। ਭਾਨੂੰ ਦਾ ਝਗੜਾਲੂ ਸੁਭਾਅ ਹੋਣ ਦੇ ਕਾਰਣ ਬੱਚੇ ਤਾਂ ਬੱਚੇ ਵੱਡੇ ਵੀ ਉਸ ਨਾਲ ਗੱਲ ਕਰਨਾ ਪਸੰਦ ਨਹੀਂ ਕਰਦੇ ਸਨ।

ਇੱਕ ਦਿਨ ਸੋਨੂੰ ਬੱਕਰਾ, ਰੋਮੀ ਖਰਗੋਸ਼, ਬੰਟੀ ਬਾਂਦਰ ਅਤੇ ਗੌਰੀ ਹਿਰਣੀ ਸਕੂਲ ਤੋਂ ਆਪਣੇ ਘਰ ਜਾ ਰਹੇ ਸੀ। ਬਾਗ ਵਿੱਚ ਫਲਾਂ ਨਾਲ ਲੱਦੇ ਰੁੱਖਾਂ ਨੂੰ ਵੇਖ ਕੇ ਸਾਰਿਆਂ ਦੇ ਮੂੰਹ ਵਿੱਚ ਪਾਣੀ ਆ ਗਿਆ। ਸਾਹਮਣੇ ਅੰਬ, ਜਾਮੁਨ, ਅਨਾਰ, ਲੀਚੀ ਦੇ ਢੇਰ ਸਾਰੇ ਫਲ ਰੁੱਖਾਂ ਤੇ ਲੱਗੇ ਹੋਏ ਸਨ।

'ਕਾਸ਼! ਸਾਨੂੰ ਵੀ ਕਾਲੇ-ਕਾਲੇ ਜਾਮੁਨ ਖਾਣ ਨੂੰ ਮਿਲ ਜਾਂਦੇ।' ਸਾਹਮਣੇ ਰੁੱਖ ਤੇ ਪੱਕੇ-ਪੱਕੇ ਕਾਲੇ ਜਾਮੁਨ ਵੇਖ ਕੇ ਗੌਰੀ ਉਥੇ ਰੁਕਦੇ ਹੋਏ ਬੋਲੀ।

'ਅਜਿਹਾ ਸੋਚੋ ਵੀ ਨਾ ਵਰਨਾ ਜੇਕਰ ਭਾਨੂੰ ਚਾਚਾ ਨੂੰ ਪਤਾ ਲੱਗ ਗਿਆ ਤਾਂ ਸਾਨੂੰ ਬਹੁਤ



ਝਿੜਕੇਗਾ ਅਤੇ ਹੋ ਸਕਦਾ ਹੈ ਮਾਰੇ ਵੀ।' ਸੋਨੂੰ ਗੋਰੀ ਨੂੰ ਬੋਲਿਆ।

ਹਾਲਾਂ ਸੋਨੂੰ ਆਪਣੀ ਗੱਲ ਖਤਮ ਹੀ ਕਰ ਸਕਿਆ ਸੀ ਕਿ ਸਾਹਮਣੇ ਤੋਂ ਭਾਨੂੰ ਚਾਚਾ ਉਥੇ ਆ ਗਏ।

'ਭੱਜੋ ਇਥੋਂ ਸ਼ੈਤਾਨੋਂ', ਮੇਰੇ ਬਾਗ ਦੇ ਕੋਲ ਖੜੇ ਹੋ ਕੇ ਕੀ ਕਰ ਰਹੇ ਹੋ? ਭਾਨੂੰ ਬੱਚਿਆਂ ਨੂੰ ਝਿੜਕਦੇ ਹੋਏ ਬੋਲਿਆ।

ਭਾਨੂੰ ਚਾਚਾ ਦੀ ਗੱਲ ਸੁਣ ਕੇ ਸਾਰੇ ਬੱਚੇ ਸਹਿਮ ਕੇ ਆਪਣੇ ਘਰ ਵੱਲ ਤੁਰ ਪਏ।



'ਸਾਨੂੰ ਕੁੱਝ ਕਰਨਾ ਪਏਗਾ ਜਿਸ ਨਾਲ ਕਿ ਭਾਨੂੰ ਚਾਚਾ ਸਾਨੂੰ ਖੁਦ ਬੁਲਾ ਕੇ ਫਲ ਖੁਵਾਏ।' ਬੰਟੀ ਕੁੱਝ ਸੋਚਦੇ ਹੋਏ ਬੋਲਿਆ।

'ਇਹ ਤਾਂ ਕਦੇ ਹੋ ਹੀ ਨਹੀਂ ਸਕਦਾ।' ਰੋਮੀ ਬੋਲਿਆ।

ਇਹੀ ਤਾਂ ਅਸੀਂ ਸੋਚਣਾ ਹੈ ਕਿ ਕੀ ਕੀਤਾ ਜਾਏ ਜਿਸ ਨਾਲ ਕਿ ਭਾਨੂੰ ਸਾਨੂੰ ਲੋਕਾਂ ਨੂੰ ਫਲ ਖਾਣ ਦੀ ਦਾਵਤ ਦੇਵੇ। ਬੰਟੀ ਨੇ ਸਾਰਿਆਂ ਨੂੰ ਕਿਹਾ।

'ਇੱਕ ਉਪਾਅ ਹੈ।' ਬੰਟੀ ਨੇ ਸਾਰਿਆਂ ਵੱਲ ਵੇਖਦੇ ਹੋਏ ਕਿਹਾ।


ਬੰਟੀ ਦੀ ਗੱਲ ਸੁਣ ਕੇ ਸਾਰੇ ਉਸ ਵੱਲ ਵੇਖਣ ਲੱਗੇ।

'ਮੈਂ ਸੋਚ ਰਿਹਾ ਹਾਂ ਕਿਉਂ ਨਾ ਅਸੀਂ ਫਲ ਮੰਡੀ ਤੋਂ ਸੜੇ-ਗਲੇ ਫਲ ਲਿਆ ਕੇ ਦੋ-ਚਾਰ ਦਿਨ ਭਾਨੂੰ ਚਾਚਾ ਦੇ ਬਾਗ ਵਿੱਚ ਸੁੱਟ ਦਈਏ ਅਤੇ ਉਹਨਾਂ ਨੂੰ ਕਹੀਏ ਕਿ ਆਪ ਦੇ ਰੁੱਖਾਂ ਵਿੱਚ ਕੋਈ ਬੀਮਾਰੀ ਲੱਗ ਗਈ ਹੈ। ਫਲ ਖਰਾਬ ਹੋ ਰਹੇ ਹਨ, ਛੇਤੀ ਹੀ ਇਹਨਾਂ ਨੂੰ ਖਾ ਕੇ ਖਤਮ ਕਰ ਦਿਉ। ਉਹ ਇੱਕਲੇ ਤਾਂ ਐਨੇ ਸਾਰੇ ਫਲ ਖਾ ਨਹੀਂ ਸਕਦੇ ਅਤੇ ਐਨੀ ਛੇਤੀ ਉਹਨਾਂ ਦੇ ਫਲ ਵਿਕਣਗੇ ਵੀ ਨਹੀਂ ਜਿਸ ਨਾਲ ਉਹ ਸਾਨੂੰ ਲੋਕਾਂ ਨੂੰ ਜ਼ਰੂਰ ਫਲ ਖੁਵਾਵੇਗਾ।' ਬੰਟੀ ਸਾਰਿਆਂ ਨੂੰ ਸਮਝਾਉਂਦੇ ਹੋਏ ਬੋਲਿਆ।

ਬੰਟੀ ਦੀ ਗੱਲ ਸਾਰਿਆਂ ਨੂੰ ਸਹੀ ਲੱਗੀ ਅਤੇ ਉਹ ਖੁਸ਼ੀ-ਖੁਸ਼ੀ ਆਪਣੇ ਘਰ ਵੱਲ ਤੁਰ ਪਏ। ਜਿਸ ਦੇ ਬਾਦ ਸ਼ਾਮ ਨੂੰ ਉਹ ਸਾਰੇ ਗਵਾਂਢ ਦੀ ਹੀ ਫਲ ਮੰਡੀ ਤੋਂ ਜਾ ਕੇ ਸੜੇ-ਗਲੇ ਫਲ ਲੈ ਆਏ ਅਤੇ ਭਾਨੂੰ ਤੋਂ ਨਜ਼ਰ ਬਚਾ ਕੇ ਰਾਤ ਨੂੰ ਉਸ ਦੇ ਬਗੀਚੇ ਵਿੱਚ ਬਿਖੇਰਣ ਲਈ ਪਹੁੰਚ ਗਏ।

ਜਦ ਉਹ ਬਾਗ ਵਿੱਚ ਪਹੁੰਚੇ ਤਾਂ ਚਾਰੇ ਪਾਸੇ ਹਨ੍ਹੇਰਾ ਸੀ। ਉਹ ਲੋਕ ਥੈਲੇ ਵਿੱਚੋਂ ਸੜੇ ਫਲ ਕੱਢ ਕੇ ਰੁੱਖਾਂ ਹੇਠਾਂ ਸੁੱਟਣ ਲੱਗੇ। ਉਹਨਾਂ ਨੂੰ ਡਰ ਵੀ ਲਗ ਰਿਹਾ ਸੀ ਕਿ ਜੇਕਰ ਭਾਨੂੰ ਚਾਚਾ ਨੂੰ ਪਤਾ ਲਗ ਗਿਆ ਤਾਂ ਉਹ ਜਿਥੇ ਉਹਨਾਂ ਦੀ ਪਿਟਾਈ ਕਰਨਗੇ, ਉਥੇ ਘਰ ਵਿੱਚ ਅਤੇ ਸਕੂਲ ਵਿੱਚ ਉਹਨਾਂ ਦੀ ਸ਼ਿਕਾਇਤ ਵੀ ਕਰ ਦੇਣਗੇ।

ਉਹ ਲੋਕ ਫਲ ਖਿਲਾਰ ਹੀ ਰਹੇ ਸਨ ਕਿ ਤਦੇ ਉਹਨਾਂ ਨੂੰ ਕੁੱਝ ਆਵਾਜ਼ਾਂ ਸੁਣਾਈ ਦਿੱਤੀਆਂ। ਆਵਾਜ਼ਾਂ ਭਾਨੂੰ ਚਾਚੇ ਦੀ ਝੌਂਪੜੀ ਵਿੱਚੋਂ ਆ ਰਹੀਆਂ ਸਨ। ਇੰਝ ਲੱਗ ਰਿਹਾ ਸੀ ਕਿ ਕੋਈ ਭਾਨੂੰ ਚਾਚਾ ਨਾਲ ਗੱਲ ਕਰ ਰਿਹਾ ਹੈ ਉਥੇ ਵਿੱਚ ਭਾਨੂੰ ਚਾਚਾ ਦੀ ਗੁੱਸੇ ਭਰੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ, ਅਚਾਨਕ ਭਾਨੂੰ ਚਾਚਾ ਦੀ ਦਰਦ ਭਰੀ ਆਵਾਜ਼ ਉਹਨਾਂ ਨੂੰ ਸੁਣਾਈ ਦਿੱਤੀ।



ਦੀ ਪਿਟਾਈ ਕਰ ਰਿਹਾ ਸੀ ਜਿਸ ਦੀ ਵਜ੍ਹਾ ਨਾਲ ਉਹ ਚੀਕ ਰਹੇ ਸਨ। ਲਾਗੇ-ਲਾਗੇ ਆਬਾਦੀ ਨਾ ਹੋਣ ਕਰਕੇ ਉਹਨਾਂ ਦੀਆਂ ਚੀਕਾਂ ਕੋਈ ਨਹੀਂ ਸੁਣ ਰਿਹਾ ਸੀ। ਇਹ ਸਭ ਵੇਖ ਕੇ ਸਾਰੇ ਬੱਚੇ ਘਬਰਾ ਗਏ ਸਨ। ਉਹਨਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕਿਵੇਂ ਭਾਨੂੰ ਚਾਚਾ ਨੂੰ ਬਚਾਉਣ।

ਆਵਾਜ਼ ਸੁਣ ਕੇ ਉਹ ਹੈਰਾਨ ਹੋ ਗਏ ਉਹਨਾਂ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਆਖਿਰ ਭਾਨੂੰ ਚਾਚਾ ਕਿਉਂ ਚੀਕ ਰਹੇ ਹਨ?

'ਸਾਨੂੰ ਝੌਂਪੜੀ ਵਿੱਚ ਪਹੁੰਚ ਕੇ ਵੇਖਣਾ ਚਾਹੀਦਾ ਹੈ ਕਿ ਆਖਿਰ ਭਾਨੂੰ ਚਾਚਾ ਨੂੰ ਕੀ ਹੋਇਆ ਹੈ?' ਸੋਨੂੰ ਬੋਲਿਆ।

'ਨਹੀਂ ਅਸੀਂ ਨਹੀਂ ਜਾਵਾਂਗੇ ਜੇਕਰ ਉਹਨਾਂ ਨੇ ਸਾਨੂੰ ਇੱਥੇ ਵੇਖ ਲਿਆ ਤਾਂ ਮੁਸੀਬਤ ਹੋ ਜਾਵੇਗੀ।' ਗੌਰੀ ਡਰਦੇ ਹੋਏ ਬੋਲੀ।

ਗੌਰੀ ਦੀ ਗੱਲ ਸੁਣ ਕੇ ਸਾਰੇ ਸੋਚ ਵਿੱਚ ਪੈ ਗਏ ਲੇਕਿਨ ਉਧਰ ਭਾਨੂੰ ਚਾਚਾ ਦੀਆਂ ਦਰਦ ਭਰੀਆਂ ਚੀਕਾਂ ਵਧਦੀਆਂ ਹੀ ਜਾ ਰਹੀਆਂ ਸਨ। ਆਖਿਰ ਉਹਨਾਂ ਨੇ ਭਾਨੂੰ ਚਾਚਾ ਦੀ ਝੌਂਪੜੀ ਵਿੱਚ ਜਾ ਕੇ ਵੇਖਣ ਦਾ ਨਿਸ਼ਚਾ ਕੀਤਾ। ਉਹ ਹੌਲੀ ਜਿਹੇ ਭਾਨੂੰ ਚਾਚਾ ਦੀ ਝੌਂਪੜੀ ਵਿੱਚ ਪਹੁੰਚ ਗਏ। ਉਹਨਾਂ ਨੇ ਝੌਂਪੜੀ ਵਿੱਚ ਝਾਕ ਕੇ ਵੇਖਿਆ, ਝੌਂਪੜੀ ਵਿੱਚ ਲਾਲਟੇਨ ਜਗ ਰਹੀ ਸੀ। ਇਸ ਲਈ ਅੰਦਰ ਕਾਫੀ ਰੋਸ਼ਨੀ ਸੀ। ਅੰਦਰ ਭਾਨੂੰ ਚਾਚਾ ਇੱਕ ਪਾਸੇ ਰੱਸੀ ਨਾਲ ਬੰਨ੍ਹੇ ਪਏ ਸਨ ਅਤੇ ਦੂਸਰੇ ਪਾਸੇ ਬਲੈਕੀ ਲਕੜਬੱਗਾ ਅਤੇ ਮੋਟੀ ਗਿੱਦੜ ਖੜੇ ਹੋਏ ਸਨ। ਜਿਹਨਾਂ ਵਿੱਚੋਂ ਬਲੈਕੀ ਲਕੜਬੱਗਾ ਆਪਣੇ ਹੱਥਾਂ ਵਿੱਚ ਕੁੱਝ ਕਾਗਜ਼ ਲਏ ਹੋਏ ਸੀ ਅਤੇ ਮੋਟੀ ਹੱਥ ਵਿੱਚ ਚਾਕੂ ਲਏ ਹੋਏ ਭਾਨੂੰ ਚਾਚਾ ਨੂੰ ਧਮਕਾ ਰਿਹਾ ਸੀ ਅਤੇ ਜਬਰਦਸਤੀ ਉਹਨਾਂ ਕਾਗਜਾਂ ਤੇ ਦਸਤਖਤ ਕਰਨ ਲਈ ਬੋਲ ਰਿਹਾ ਸੀ ਅਤੇ ਭਾਨੂੰ ਚਾਚਾ ਦੇ ਮਨ੍ਹਾ ਕਰਨ ਤੇ ਉਹਨਾਂ

'ਸਾਨੂੰ ਕਿਵੇਂ ਵੀ ਭਾਨੂੰ ਚਾਚਾ ਨੂੰ ਇਹਨਾਂ ਗੁੰਡਿਆਂ ਤੋਂ ਬਚਾਉਣਾ ਪਏਗਾ।' ਸੋਨੂੰ ਨੇ ਬੰਟੀ, ਰੋਮੀ ਅਤੇ ਗੌਰੀ ਨੂੰ ਕਿਹਾ।

'ਲੇਕਿਨ ਅਸੀਂ ਉਹਨਾਂ ਨੂੰ ਕਿਵੇਂ ਬਚਾ ਸਕਾਂਗੇ? ਇਹ ਬਦਮਾਸ਼ ਤਾਂ ਬਹੁਤ ਹੀ ਖਤਰਨਾਕ ਹਨ।' ਗੌਰੀ ਬੋਲੀ।

'ਲੇਕਿਨ ਕੁੱਝ ਨਾ ਕੁੱਝ ਤਾਂ ਕਰਨਾ ਹੀ ਪਏਗਾ ਵਰਨਾ ਇਹ ਬਦਮਾਸ਼ ਭਾਨੂੰ ਚਾਚਾ ਦੇ ਨਾਲ ਕੁੱਝ ਵੀ ਕਰ ਸਕਦੇ ਹਨ।' ਬੰਟੀ ਗੰਭੀਰ ਹੋ ਕੇ ਬੋਲਿਆ।

'ਗੌਰੀ ਤੂੰ ਘਰ ਜਾ ਕੇ ਪਾਪਾ ਨੂੰ ਪੂਰੀ ਗੱਲ ਦੱਸ ਅਤੇ ਉਹਨਾਂ ਨੂੰ ਪੁਲਿਸ ਲਿਆਉਣ ਲਈ ਬੋਲੋ' ਬੰਟੀ ਗੌਰੀ ਨੂੰ ਸਮਝਾਉਂਦੇ ਹੋਏ ਬੋਲਿਆ।

'ਤਦ ਤਕ ਅਸੀਂ ਇਹਨਾਂ ਨੂੰ ਮਜਾ ਚਖਾਉਂਦੇ ਹਾਂ।' ਕੁੱਝ ਸੋਚਦੇ ਹੋਏ ਬੰਟੀ ਬੋਲਿਆ ਅਤੇ ਫਿਰ ਆਪਣੀ ਯੋਜਨਾ ਸੋਨੂੰ ਅਤੇ ਰੋਮੀ ਨੂੰ ਦੱਸੀ। ਬੰਟੀ ਅਤੇ ਰੋਮੀ ਨੇ ਕੋਲ ਹੀ ਪਈ ਹੋਈ ਭਾਨੂੰ ਚਾਚਾ ਦੀ ਲਾਠੀ ਚੁੱਕ ਲਈ ਅਤੇ ਝੌਂਪੜੀ ਦੇ ਦਰਵਾਜੇ ਤੇ ਖੜੇ ਹੋ ਗਏ। ਸੋਨੂੰ ਝੌਂਪੜੀ ਦੇ ਦਰਵਾਜੇ ਤੇ ਖੜਾ ਹੋ ਕੇ ਪੁਲਿਸ-ਪੁਲਿਸ ਚੀਕਣ ਲੱਗਾ। ਸੋਨੂੰ ਦੀ ਆਵਾਜ਼ ਸੁਣ ਕੇ ਦੋਵੇਂ ਬਦਮਾਸ਼ ਹੜਬੜਾ ਗਏ ਅਤੇ ਉਥੋਂ ਭੱਜੇ ਪਰ ਝੌਂਪੜੀ ਤੋਂ ਬਾਹਰ ਨਿਕਲਦੇ ਹੀ ਬੰਟੀ ਅਤੇ ਰੋਮੀ ਉਹਨਾਂ ਦੀ ਲਾਠੀਆਂ ਨਾਲ ਪਿਟਾਈ ਕਰਨ ਲੱਗੇ। ਲਾਠੀ ਪੈਂਦੇ ਹੀ ਦੋਵੇਂ ਬਦਮਾਸ਼ ਉਥੇ ਡਿਗ ਗਏ। ਲੇਕਿਨ ਦੋਵੇਂ ਫਿਰ ਵੀ ਉਹਨਾਂ ਦੀ ਪਿਟਾਈ ਕਰਦੇ ਰਹੇ। ਸੋਨੂੰ ਨੇ ਝੱਟਪੱਟ ਝੌਂਪੜੀ

ਵਿੱਚ ਜਾ ਕੇ ਭਾਨੂੰ ਚਾਚਾ ਦੀ ਰੱਸੀ ਖੋਲ੍ਹ ਦਿੱਤੀ। ਤਦ ਗੌਰੀ ਦੇ ਪਾਪਾ ਬੰਟੂ ਹਿਰਣ ਇੰਸਪੈਕਟਰ ਦਹਾੜ ਸਿੰਘ ਅਤੇ ਉਹਨਾਂ ਦੇ ਸਿਪਾਹੀਆਂ ਨੂੰ ਲੈ ਕੇ ਆ ਗਏ। ਦਹਾੜ ਸਿੰਘ ਨੇ ਤੁਰੰਤ ਮੋਟੀ ਅਤੇ ਬਲੈਕੀ ਨੂੰ ਗਿਰਫਤਾਰ ਕਰ ਲਿਆ। ਦਹਾੜ ਸਿੰਘ ਨੇ ਦੱਸਿਆ ਕਿ ਇਹਨਾਂ ਦੋਵਾਂ ਬਦਮਾਸ਼ਾਂ ਦੀ ਸਾਨੂੰ ਕਾਫੀ ਸਮੇਂ ਤੋਂ ਭਾਲ ਸੀ। ਇਹ ਲੋਕ ਡਰਾ-ਧਮਕਾ ਕੇ ਲੋਕਾਂ ਦੀਆਂ ਜ਼ਮੀਨਾਂ ਆਪਣੇ ਨਾਮ ਕਰਵਾ ਕੇ ਉਹਨਾਂ ਨੂੰ ਵੇਚ ਦਿੰਦੇ ਸਨ। ਇਹਨਾਂ ਦੀ ਕਾਫੀ ਸ਼ਿਕਾਇਤ ਸਾਨੂੰ ਮਿਲੀ ਸੀ ਲੇਕਿਨ ਤੁਹਾਡੇ ਕਾਰਣ ਅੱਜ ਇਹ ਫੜੇ ਗਏ।

ਉਧਰ ਇਹ ਕੇ ਵੇਖ ਭਾਨੂੰ ਚਾਚਾ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਹਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਇਹ ਦੋਵੇਂ ਬਦਮਾਸ਼ ਉਸ ਨੂੰ ਡਰਾ -ਧਮਕਾ ਕੇ ਬਾਗ ਨੂੰ ਆਪਣੇ ਨਾਮ ਕਰਵਾ ਕੇ ਵੇਚਣਾ ਚਾਹੁੰਦੇ ਸਨ ਲੇਕਿਨ ਤੁਹਾਡੇ ਲੋਕਾਂ ਦੀ ਵਜ੍ਹਾ ਨਾਲ ਮੇਰਾ ਬਾਗ ਬਚ ਗਿਆ।

'ਲੇਕਿਨ ਮੇਰੀ ਸਮਝ ਵਿੱਚ ਇਹ ਨਹੀਂ ਆਇਆ ਕਿ ਤੁਸੀਂ ਲੋਕ ਰਾਤ ਨੂੰ ਇਥੇ ਕੀ ਕਰ ਰਹੇ ਸੀ?' ਭਾਨੂੰ ਚਾਚਾ ਨੇ ਬੱਚਿਆਂ ਨੂੰ ਪੁੱਛਿਆ।

ਭਾਨੂੰ ਚਾਚਾ ਦੇ ਪੁੱਛਣ ਤੇ ਬੰਟੀ ਨੇ ਪੂਰੀ ਗੱਲ ਚਾਚਾ ਨੂੰ ਦੱਸ ਦਿੱਤੀ। ਇਹ ਸੁਣ ਕੇ ਚਾਚਾ ਸ਼ਰਮਿੰਦਾ ਹੋ ਗਿਆ।

'ਚੰਗਾ, ਹਾਂ ਕੱਲ ਤੁਹਾਡੀ ਮੇਰੇ ਬਾਗ ਵਿੱਚ ਦਾਵਤ ਹੈ। ਤੁਸੀਂ ਸਾਰੇ ਬੱਚਿਆਂ ਨੇ ਆਉਣਾ ਹੈ।' ਭਾਨੂੰ ਚਾਚਾ ਸਾਰੇ ਬੱਚਿਆਂ ਨੂੰ ਬੋਲੇ।

ਚਾਚਾ ਦੀ ਗੱਲ ਸੁਣ ਕੇ ਸਾਰੇ ਬਹੁਤ ਖੁਸ਼ ਹੋਏ। ਅਗਲੇ ਦਿਨ ਸੋਨੂੰ, ਬੰਟੀ ਅਤੇ ਗੌਰੀ ਨੇ ਬਾਗ ਵਿੱਚ ਪਹੁੰਚ ਕੇ ਫਲਾਂ ਦੀ ਦਾਵਤ ਉਡਾਈ। ਇਸ ਘਟਨਾ ਦੇ ਬਾਦ ਭਾਨੂੰ ਚਾਚਾ ਬਿਲਕੁਲ ਬਦਲ ਗਏ। ਹੁਣ ਉਹ ਕਿਸੇ ਤੇ ਗੁੱਸਾ ਨਹੀਂ ਹੁੰਦੇ ਸਨ ਬਲਕਿ ਉਹ ਖੁਦ ਸਾਰੇ ਜਾਨਵਰਾਂ ਨੂੰ ਬੁਲਾ ਕੇ ਫਲ ਖਾਣ ਲਈ ਦਿੰਦੇ ਸਨ ਅਤੇ ਬੱਚੇ ਵੀ ਬਾਗ ਦੀ ਸਾਫ਼-ਸਫ਼ਾਈ ਅਤੇ ਰੁੱਖਾਂ ਦੀ ਦੇਖਰੇਖ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਦੇ ਸਨ। ਉਹਨਾਂ ਦੇ ਇਸ ਬਦਲਾਵ ਨਾਲ ਸਾਰੇ ਖੁਸ਼ ਸਨ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਰੇਗਿਸਤਾਨ ਵਿੱਚ ਦਿਨ ਦੇ ਸਮੇਂ ਗਰਮੀ ਅਤੇ ਰਾਤ ਨੂੰ ਠੰਡ ਕਿਉਂ ਹੁੰਦੀ ਹੈ?

ਉੱਤਰ : ਰੇਗਿਸਤਾਨ ਵਿੱਚ ਰੇਤ ਜ਼ਿਆਦਾ ਹੁੰਦੀ ਹੈ। ਰੇਤ ਗਰਮੀ ਨੂੰ ਚੰਗੀ ਤਰ੍ਹਾਂ ਜਜ਼ਬ ਕਰ ਲੈਂਦੀ ਹੈ। ਇਸ ਲਈ ਦਿਨ ਦੇ ਸਮੇਂ ਗਰਮੀ ਨੂੰ ਜਜ਼ਬ ਕਰਕੇ ਰੇਗਿਸਤਾਨ ਗਰਮ ਹੋ ਜਾਂਦੇ ਹਨ ਅਤੇ ਉਥੇ ਗਰਮੀ ਰਹਿੰਦੀ ਹੈ। ਰੇਗਿਸਤਾਨ ਆਪਣੀ ਗਰਮੀ ਨੂੰ ਕੱਢ ਕੇ ਰਾਤ ਵਿੱਚ ਠੰਡੇ ਹੋ ਜਾਂਦੇ ਹਨ ਜਿਸ ਨਾਲ ਰਾਤ ਨੂੰ ਉਥੇ ਠੰਡ ਰਹਿੰਦੀ ਹੈ।

ਪ੍ਰਸ਼ਨ : ਖਿੜਕੀ ਦੇ ਸ਼ੀਸ਼ੇ ਤੇ ਗੋਲੀ ਮਾਰਨ ਨਾਲ ਉਹ ਇੱਕ ਛੇਕ ਬਣਾ ਕੇ ਆਰ-ਪਾਰ ਨਿਕਲ ਜਾਂਦੀ ਹੈ ਲੇਕਿਨ ਪੱਥਰ ਮਾਰਨ ਤੇ ਕੱਚ ਕਿਉਂ ਟੁੱਟ ਜਾਂਦਾ ਹੈ?

ਉੱਤਰ : ਖਿੜਕੀ ਦੇ ਸ਼ੀਸ਼ੇ ਦਾ ਟੁੱਟਣਾ ਜਾਂ ਉਸ ਵਿੱਚ ਛੇਕ ਬਣਨਾ ਸੁੱਟੀ ਗਈ ਵਸਤੂ ਦੇ ਆਕਾਰ ਅਤੇ ਵੇਗ ਤੇ ਨਿਰਭਰ ਕਰਦਾ ਹੈ। ਜਦ ਗੋਲੀ ਜ਼ਿਆਦਾ ਵੇਗ ਨਾਲ ਸ਼ੀਸ਼ੇ ਵੱਲ ਜਾਂਦੀ ਹੈ ਤਾਂ ਪ੍ਰਭਾਵਿਤ ਸਥਾਨ ਵੀ ਗਤੀਸ਼ੀਲ ਹੋ ਜਾਂਦਾ ਹੈ (ਲਾਗੇ ਵਾਲਾ ਸਥਾਨ ਆਰਾਮ ਅਵਸਥਾ ਵਿੱਚ ਹੀ ਰਹਿੰਦਾ ਹੈ) ਇਸ ਨਾਲ ਉਹ ਛੇਕ ਬਣਾਉਂਦੀ ਹੋਈ ਅੱਗੇ ਨਿਕਲ ਜਾਂਦੀ ਹੈ। ਦੂਸਰੇ ਪਾਸੇ ਘੱਟ ਵੇਗ ਨਾਲ ਪੱਥਰ ਮਾਰਨ ਤੇ ਪੂਰੇ ਕੱਚ ਵਿੱਚ ਕਣ ਗਤੀਸ਼ੀਲ ਹੋ ਜਾਣ ਦੇ ਕਾਰਣ ਖਿੜਕੀ ਦਾ ਸ਼ੀਸ਼ਾ ਚੂਰ-ਚੂਰ ਹੋ ਜਾਂਦਾ ਹੈ।

ਪ੍ਰਸ਼ਨ : ਤੇਜ਼ ਹਨ੍ਹੇਰੀ ਜਾਂ ਤੂਫਾਨ ਵਿੱਚ ਛੱਪਰ ਜਾਂ ਟੀਨ ਕਿਉਂ ਉਡ ਜਾਂਦੇ ਹਨ?

ਉੱਤਰ : ਬਰਨੌਲੀ ਦੇ ਸਿਧਾਂਤ ਦੇ ਅਨੁਸਾਰ ਜਦ ਤੀਬਰ ਵੇਗ ਨਾਲ ਆਉਣ ਵਾਲੀ ਹਨ੍ਹੇਰੀ ਜਾਂ ਤੂਫ਼ਾਨ ਛੱਤ ਦੇ ਉਪਰ ਤੋਂ ਗੁਜਰਦੇ ਹਨ ਤਾਂ ਛੱਤ ਤੇ ਹਵਾ ਦਾ ਦਬਾਅ ਘੱਟ ਹੋ ਜਾਂਦਾ ਹੈ। ਦੂਸਰੇ ਪਾਸੇ, ਕਮਰੇ ਦੇ ਅੰਦਰ ਹਵਾ ਦਾ ਦਾਬ ਜ਼ਿਆਦਾ ਹੋ ਜਾਂਦਾ ਹੈ ਜਿਸ ਨਾਲ ਕਮਰੇ ਦਾ ਛੱਪਰ ਜਾਂ ਟੀਨ ਉਡ ਜਾਂਦੇ ਹਨ।

ਪ੍ਰਸ਼ਨ : ਸਮੁੰਦਰ ਦੇ ਤਲ ਤੋਂ ਉਪਰ ਵੱਲ ਵਾਪਸ ਆਉਂਦਾ ਹੋਇਆ ਗੋਤਾਖੋਰ ਹੌਲੀ ਗਤੀ ਨਾਲ ਹੀ ਉਪਰ ਵੱਲ ਕਿਉਂ ਆਉਂਦਾ ਹੈ?

ਉੱਤਰ : ਜਦ ਕੋਈ ਵਸਤੂ ਪਾਣੀ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਪਾਣੀ ਉਸ ਤੇ ਆਪਣਾ ਦਬਾਅ ਪਾਉਂਦਾ ਹੈ ਜਿਸ ਦੇ ਕਾਰਣ ਉਹ ਪ੍ਰਭਾਵਿਤ ਹੁੰਦੀ ਹੈ। ਠੀਕ ਇਹੀ ਗੱਲ ਗੋਤਾਖੋਰਾਂ ਦੇ ਸੰਬੰਧ ਵਿੱਚ ਵੀ ਲਾਗੂ ਹੁੰਦੀ ਹੈ। ਗੋਤਾਖੋਰ ਇਸ ਲਈ ਧੀਮੀਗਤੀ ਨਾਲ ਉਪਰ ਵੱਲ ਆਉਂਦਾ ਹੈ ਤਾਂਕਿ ਉਸ ਦੇ ਸਰੀਰ ਤੇ ਪਾਣੀ ਦੇ ਘੱਟਦੇ ਹੋਏ ਦਬਾਅ ਦਾ ਘੱਟ ਤੋਂ ਘੱਟ ਪ੍ਰਭਾਵ ਪੈ ਸਕੇ।



# ਆਪਣਾ-ਆਪਣਾ ਨਜ਼ਰੀਆ

– ਅਰਚਨਾ ਸੋਗਾਨੀ

ਇੱਕ ਸੀ ਮਹਾਤਮਾ। ਜਗ੍ਹਾ-ਜਗ੍ਹਾ ਘੁੰਮਦੇ ਅਤੇ ਲੋਕਾਂ ਨੂੰ ਗਿਆਨ ਦਾ ਉਪਦੇਸ਼ ਦਿੰਦੇ। ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣਦੇ ਅਤੇ ਉਹਨਾਂ ਦਾ ਸਹੀ ਢੰਗ ਨਾਲ ਹੱਲ ਵੀ ਕਰਦੇ।

ਇੰਝ ਹੀ ਘੁੰਮਦੇ-ਘੁੰਮਾਉਂਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪਹੁੰਚੇ। ਲੋਕਾਂ ਨੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ। ਸੁਆਗਤ ਦੇ ਬਾਦ ਪਿੰਡ ਦੇ ਇੱਕ ਸੱਜਣ ਨੇ ਉਹਨਾਂ ਨੂੰ ਕਿਹਾ -'ਸਵਾਮੀ ਜੀ! ਮੈਂ ਬੜਾ ਪ੍ਰੇਸ਼ਾਨ ਹਾਂ, ਮੈਂ ਲੋਕਾਂ ਦੇ ਸਾਹਮਣੇ ਜੋ ਵੀ ਸਹੀ ਗੱਲ ਕਹਿੰਦਾ ਹਾਂ, ਉਹ ਉਸ ਨੂੰ ਮੰਨਦੇ ਹੀ ਨਹੀਂ? ਆਖਿਰ ਲੋਕ ਮੇਰੀ ਗੱਲ ਨੂੰ ਕਿਸ ਕਾਰਣ ਸਹੀ ਨਹੀਂ ਮੰਨਦੇ?

ਇਹ ਸੁਣ ਕੇ ਮਹਾਤਮਾ ਨੇ ਕਿਹਾ - ਚਲੋ ਇਹ ਮੰਨ ਲੈਂਦੇ ਹਾਂ, ਤੁਸੀਂ ਜੋ ਕਹਿੰਦੇ ਹੋ ਉਹੀ ਸਹੀ ਹੁੰਦਾ ਹੈ, ਲੇਕਿਨ ਹੁਣ ਇਹ ਦੱਸੋ - ਹਿਮਾਲਯ ਕਿਸ ਦਿਸ਼ਾ ਵਿੱਚ ਹੈ?

ਉਤਰ ਵਿੱਚ' - ਉਸ ਨੇ ਜਵਾਬ ਦਿੱਤਾ।

ਇਸ ਤੇ ਮਹਾਤਮਾ ਨੇ ਕਿਹਾ - ਜੇਕਰ ਇਹੀ ਸਵਾਲ ਕਿਸੇ ਚੀਨ ਦੇਸ਼ ਦੇ ਨਿਵਾਸੀ ਤੋਂ ਪੁੱਛੀਏ ਤਾਂ ਉਸ ਦਾ ਜਵਾਬ ਕੀ ਹੋਵੇਗਾ?

ਉਹ ਬੋਲਿਆ - ਦੱਖਣ ਵਿੱਚ।

ਇਸ ਤਰ੍ਹਾਂ ਦਾ ਜਵਾਬ ਸੁਣ ਕੇ ਮਹਾਤਮਾ ਨੇ ਕਿਹਾ - ਲੇਕਿਨ ਤੂੰ ਤਾਂ ਕਹਿੰਦਾ ਹੈ ਉਤਰ ਵਿੱਚ, ਭਲਾ ਫਿਰ ਹਿਮਾਲਯ ਦੱਖਣ ਵਿੱਚ ਕਿਸ ਤਰ੍ਹਾਂ ਹੋ ਗਿਆ? ਤੇਰੀ ਗੱਲ ਸਹੀ ਹੈ ਤਾਂ ਉਸ ਦੀ ਗੱਲ ਵੀ ਕਿਵੇਂ ਸਹੀ ਹੋ ਗਈ? ਕੋਈ ਸਹੀ ਤਰਕ ਹੁਣ ਤੂੰ ਹੀ ਦੱਸ?

ਉਹ ਵਿਅਕਤੀ ਕੁੱਝ ਨਾ ਬੋਲਿਆ। ਚੁਪਚਾਪ ਖੜਾ ਰਿਹਾ।

ਤਦ ਮਹਾਤਮਾ ਨੇ ਮੁਸਕਰਾਉਂਦੇ ਹੋਏ ਕਿਹਾ - ਹੁਣ ਤੂੰ ਮੇਰੀ ਗੱਲ ਜਰਾ ਧਿਆਨ ਨਾਲ ਸੁਣ ਅਤੇ ਸਮਝ। ਹਿਮਾਲਯ ਤੇਰੇ ਮੁਤਾਬਿਕ ਉਤਰ ਦਿਸ਼ਾ ਵਿੱਚ ਹੈ। ਚੀਨ ਦੇ ਵਿਅਕਤੀ ਦੇ ਮੁਤਾਬਿਕ ਦੱਖਣ ਵਿੱਚ ਹੈ। ਇਸ ਲਈ ਤੂੰ ਸਹੀ ਹੈ, ਉਹ ਵੀ ਸਹੀ ਹੈ। ਇਹ ਅਨੇਕਤਾ ਦਾ ਦ੍ਰਿਸ਼ਟੀਕੋਣ ਹੈ। ਇਸ ਨਾਲ ਹਠ ਦੇ ਹਾਲਤ ਟਲ ਜਾਂਦੇ ਹਨ। ਵਿਅਰਥ ਦੇ ਕ੍ਰੋਧ ਦੇ ਹਾਲਾਤਾਂ ਨੂੰ ਟਾਲਿਆ ਜਾ ਸਕਦਾ ਹੈ।

ਮਹਾਤਮਾ ਦੀ ਗੱਲ ਤੋਂ ਉਹ ਵਿਅਕਤੀ ਬੜਾ ਪ੍ਰਭਾਵਿਤ ਹੋਇਆ ਅਤੇ ਗਿਆਨ ਦੀ ਇੱਕ ਨਵੀਂ ਗੱਲ ਗ੍ਰਹਿਣ ਕਰਕੇ ਆਪਣੇ ਘਰ ਵੱਲ ਚੱਲ ਪਿਆ। ▪

# ਕਮਾਲ ਦੀ ਹੈ ਡਾਲਫਿਨ ਮੱਛੀ

– ਹਰਜਿੰਦਰ ਪਾਇਲ

ਡਾਲਫਿਨ ਮੱਛੀਆਂ ਦਿਆਲੂ ਅਤੇ ਪਰਉਪਕਾਰੀ ਸੁਭਾਅ ਦੀਆਂ ਹੁੰਦੀਆਂ ਹਨ। ਪਾਣੀ ਦੇ ਅੰਦਰ ਜੇਕਰ ਕਿਸੇ ਮਾਨਵ ਦਾ ਜੀਵਨ ਮੁਸੀਬਤ ਵਿੱਚ ਪੈ ਜਾਏ ਤਾਂ ਇਹ ਗੱਲ ਡਾਲਫਿਨ ਨੂੰ ਪਤਾ ਲੱਗ ਜਾਏ ਤਾਂ ਉਹ ਜੀ-ਜਾਨ ਨਾਲ ਤੁਰੰਤ ਉਸ ਦੀ ਸਹਾਇਤਾ ਵਿੱਚ ਜੁੱਟ ਜਾਂਦੀ ਹੈ।

ਇਹ ਘਟਨਾ 1943 ਦੀ ਹੈ – ਫਲੋਰਿਡਾ ਦੇ ਸਮੁੰਦਰ ਤਟ ਤੇ ਮਾਰਥਾ ਨਾਮ ਦੀ ਇੱਕ ਔਰਤ ਇਸ਼ਨਾਨ ਕਰ ਰਹੀ ਸੀ। ਜਿਸ ਥਾਂ ਤੇ ਉਹ ਨਹਾ ਰਹੀ ਸੀ। ਉਥੋਂ ਕਿਨਾਰਾ ਕੁੱਝ ਢਲਾਣ ਵਾਲਾ ਸੀ। ਕਮਰ ਤੱਕ ਪਾਣੀ ਵਿੱਚ ਪਹੁੰਚ ਕੇ ਮਾਰਥਾ ਜਿਉਂ ਹੀ ਡੁਬਕੀ ਲਗਾਉਣ ਲੱਗੀ, ਉਸ ਦਾ ਪੈਰ ਅਚਾਨਕ ਫਿਸਲ ਗਿਆ ਅਤੇ ਪਾਣੀ ਵਿੱਚ ਡਿਗ ਗਈ। ਉਸ ਦੇ ਫੇਫੜਿਆਂ ਵਿੱਚ ਪਾਣੀ ਭਰ ਗਿਆ ਅਤੇ ਉਹ ਬੇਹੋਸ਼ ਹੋ ਗਈ। ਬਦਕਿਸਮਤੀ ਨੂੰ ਲਾਗੇ-ਚਾਗੇ ਕੋਈ ਨਹੀਂ ਸੀ ਜੋ ਉਸ ਦੀ ਸਹਾਇਤਾ ਲਈ ਆਉਂਦਾ। ਕੁੱਝ ਦੇਰ ਬਾਦ ਉਥੋਂ ਇੱਕ ਆਦਮੀ ਗੁਜ਼ਰਿਆ। ਉਸ ਨੇ ਵੇਖਿਆ ਕਿ ਇਕ ਮਾਨਵ ਸਰੀਰ ਡੁਬਦਾ-ਉਠਦਾ ਹੌਲੀ-ਹੌਲੀ ਕਿਨਾਰੇ ਵੱਲ ਚਲਿਆ ਆ ਰਿਹਾ ਸੀ। ਉਤਸੁਕਤਾਵਸ਼ ਉਹ ਉਸ ਦੀ ਅਜ਼ੀਬ ਗਤੀ ਦਾ ਭੇਤ ਜਾਣਨ ਲਈ ਰੁਕ ਗਿਆ। ਮਾਨਵ ਸਰੀਰ ਕਿਨਾਰੇ ਵੱਲ ਵੱਧਦਾ ਚਲਾ ਆ ਰਿਹਾ ਸੀ।

ਜਦ ਉਹ ਦਰਸ਼ਕ ਵਿਅਕਤੀ ਕਿਨਾਰੇ ਦੇ ਨੇੜੇ ਗਿਆ ਤਾਂ ਉਸ ਨੇ ਵੇਖਿਆ ਕਿ ਇੱਕ ਡਾਲਫਿਨ ਮੱਛੀ ਉਸ ਮਾਨਵ ਸਰੀਰ ਨੂੰ ਆਪਣੀ ਪਿੱਠ ਤੇ ਲੱਦੀ ਸਮੁੰਦਰ ਦੇ ਕਿਨਾਰੇ ਲਿਆ ਰਹੀ ਸੀ। ਡਾਲਫਿਨ ਨੇ ਕਿਨਾਰੇ ਲਿਆ ਕੇ ਘੱਟ ਪਾਣੀ ਵਿੱਚ ਛੱਡਿਆ ਅਤੇ ਵਿਸ਼ਾਲ ਪਾਣੀ ਵਿੱਚ ਗੁੰਮ ਹੋ ਗਈ। ਯਾਤਰੀ ਨੇ ਜਦ ਉਸਦਾ ਨਿਰੀਖਣ ਕੀਤਾ ਤਾਂ ਉਸ ਨੂੰ ਉਸ ਵਿੱਚ ਜੀਵਨ ਦੇ ਲੱਛਣ ਦਿਖਾਈ ਦਿੱਤੇ। ਉਸ ਨੇ ਉਸ ਨੂੰ ਤੁਰੰਤ ਬਾਹਰ ਕੱਢ ਕੇ ਪੇਟ ਦੇ ਭਾਰ ਲਿਟਾ ਕੇ ਫੇਫੜਿਆਂ ਵਿੱਚ ਭਰਿਆ ਪਾਣੀ ਕੱਢਿਆ। ਇਸ ਕਿਰਿਆ ਨਾਲ ਮਾਰਥਾ ਦੀ ਚੇਤਨਾ ਹੌਲੀ-ਹੌਲੀ ਵਾਪਸ ਆਈ।

ਮਾਰਥਾ ਨੇ ਹੋਸ਼ ਵਿੱਚ ਆਉਣ ਤੇ ਉਸ ਵਿਅਕਤੀ ਨੂੰ ਆਪਣੇ ਡੁੱਬਣ ਦੀ ਘਟਨਾ ਸੁਣਾਈ। ਉਸ ਵਿਅਕਤੀ ਨੇ ਵੀ ਮਾਰਥਾ ਨੂੰ ਡਾਲਫਿਨ ਰਾਹੀਂ ਬਚਾ ਕੇ ਕਿਨਾਰੇ ਤੇ ਲਿਆਉਣ ਦੀ ਅੱਖੀਂ ਵੇਖੀ ਘਟਨਾ ਸੁਣਾਈ। ਸੁਣ ਕੇ ਮਾਰਥਾ ਨੇ ਆਪਣੀ ਕਿਸਮਤ ਨੂੰ ਸਲਾਹਿਆ। ਮਾਰਥਾ ਦੇ ਫੇਫੜਿਆਂ ਵਿਚੋਂ ਪਾਣੀ ਕੱਢਣ ਵਾਲਾ ਵਿਅਕਤੀ ਵਿਗਿਆਨ ਦਾ ਵਿਦਵਾਨ





ਪ੍ਰੋਫੈਸਰ ਡਾ. ਡੀ. ਏਰਲੈਂਡਸਨ ਸੀ। ਉਸ ਦੇ ਮਨ ਵਿੱਚ ਇਹ ਜਿਗਿਆਸਾ ਹੋਈ ਕਿ ਡਾਲਫਿਨ ਨੇ ਸੰਜੋਗਵਸ਼ ਮਾਰਥਾ ਨੂੰ ਬਚਾਇਆ ਜਾਂ ਆਪਣੀ ਸਹਿਯੋਗੀ ਆਦਤ ਦੇ ਕਾਰਣ ਉਸ ਦੀ ਰੱਖਿਆ ਕੀਤੀ? ਇਸ ਤੱਥ ਨੂੰ ਜਾਣਨ ਲਈ ਉਸ ਨੇ ਇੱਕ ਵੱਡੇ ਹੌਜ ਵਿੱਚ ਇੱਕ ਅਜਿਹੀ ਬੀਮਾਰ ਮਾਦਾ ਡਾਲਫਿਨ ਨੂੰ ਰੱਖਿਆ ਜਿਸ ਨੂੰ ਸਾਹ ਲੈਣ ਲਈ ਪਾਣੀ ਦੀ ਸਤਹ ਤਕ ਆਉਣ ਵਿੱਚ ਬੜੀ ਕਠਿਨਾਈ ਹੁੰਦੀ ਸੀ। ਉਸ ਦੀ ਮਦਦ ਲਈ ਸਿਹਤਮੰਦ ਅਣਜਾਣ ਨਰ ਡਾਲਫਿਨ ਨੂੰ ਛੱਡਿਆ ਗਿਆ। ਉਹ ਬੀਮਾਰ ਮਾਦਾ ਦੀ ਸਹਾਇਤਾ ਕਰਨ ਲੱਗੀ। ਨਰ ਮੱਛਲੀ ਵਾਰ-ਵਾਰ ਮਾਦਾ ਨੂੰ ਉਪਰ ਉਠਾ ਕੇ ਸਾਹ ਲੈਣ ਵਿੱਚ ਸਹਿਯੋਗ ਕਰਦੀ ਸੀ। ਕੁੱਝ ਦੇਰ ਬਾਦ ਉਸੇ ਹੌਜ ਵਿੱਚ ਇੱਕ ਹੋਰ ਮਾਦਾ ਡਾਲਫਿਨ ਛੱਡੀ ਗਈ। ਉਹ ਵੀ ਸੇਵਾ ਵਿੱਚ ਜੁੱਟ ਗਈ। ਦੋਵਾਂ ਨੇ ਮਿਲ ਕੇ 48 ਘੰਟਿਆਂ ਤਕ ਬੀਮਾਰ ਮੱਛੀ ਦੀ ਮਦਦ ਕੀਤੀ। ਤਦ ਕਿਤੇ ਜਾ ਕੇ ਉਹ ਇਸ ਯੋਗ ਹੋਈ ਕਿ ਆਪਣੇ ਆਪ ਪਾਣੀ ਦੀ ਸਤਹ ਤਕ ਜਾ ਕੇ ਸਾਹ ਲੈ ਸਕੇ। ਇਸ ਪ੍ਰਯੋਗ ਨਾਲ ਡਾਲਫਿਨ ਮੱਛੀ ਦੀ ਪਰਉਪਕਾਰ ਵਾਲੀ ਆਦਤ ਤੇ ਕੋਈ ਸ਼ੱਕ ਨਹੀਂ ਰਿਹਾ। ਪ੍ਰੋਫੈਸਰ ਨੇ ਡਾਲਫਿਨ ਦੇ ਪ੍ਰਤੀ ਇਹ ਧਾਰਣਾ ਬਣਾਈ ਕਿ ਸਹਿਯੋਗ ਅਤੇ ਪਰਉਪਕਾਰ ਭਾਵਨਾ ਦੀ ਆਦਤ ਉਸ ਦੀ ਕੁਦਰਤੀ ਆਦਤ ਹੈ।

ਇਹ ਘਟਨਾ ਨਿਊਜੀਲੈਂਡ ਦੀ ਹੈ - ਉਥੋਂ ਦੀ ਹੋਕੀਹਾਂਗ ਬੰਦਰਗਾਹ ਵਿੱਚ 1950 ਦੇ ਦਹਾਕੇ ਵਿੱਚ ਇੱਕ ਮਾਨਵ ਪ੍ਰੇਮੀ ਡਾਲਫਿਨ ਜੀਲ ਨਾਮ ਦੀ ਇੱਕ ਤੇਰ੍ਹਾਂ ਸਾਲਾਂ ਦੀ ਲੜਕੀ ਨਾਲ ਐਨਾ ਹਿਲਮਿਲ ਗਈ ਸੀ ਕਿ ਉਹ ਉਸ ਨੂੰ ਦੂਰ ਤਕ ਆਪਣੀ ਪਿੱਠ ਤੇ ਬੈਠਾ ਕੇ ਸੈਰ ਕਰਾ ਕੇ ਲਿਆਉਂਦੀ ਸੀ। ਅਕਸਰ ਇਹ ਯਾਤਰਾ ਨੇੜੇ ਦੇ ਓਮੋਪੀਅਰ ਪਿੰਡ ਦੇ ਕਿਨਾਰੇ ਤੱਕ ਹੁੰਦੀ ਸੀ। ਇਥੋਂ ਤੱਕ ਬੰਦਰਗਾਹ ਫੈਲਿਆ ਹੋਇਆ ਸੀ। ਇਸ ਦੇ ਬਾਦ ਉਹ ਜੀਲ ਨੂੰ ਵਾਪਿਸ ਲਿਆਉਂਦੀ ਤੇ ਸੁਰੱਖਿਅਤ ਕਿਨਾਰੇ ਤੱਕ ਛੱਡ ਦਿੰਦੀ ਸੀ। ਆਪਣੀ ਇਸ ਆਦਤ ਦੇ ਕਾਰਣ ਉਹ ਉਥੋਂ ਦੇ ਲੋਕਾਂ ਵਿੱਚ 'ਓਮੋ' ਨਾਮ ਨਾਲ ਹਰਮਨਪਿਆਰੀ ਹੋ ਗਈ ਸੀ। ਇਸ ਘਟਨਾ ਨਾਲ ਉਹ ਉਥੇ ਐਨੀ ਪ੍ਰਸਿੱਧ ਹੋ ਗਈ ਸੀ ਕਿ ਨਿਊਜ਼ੀਲੈਂਡ ਵਿੱਚ ਉਸ ਦੀ ਸੁਰੱਖਿਆ ਲਈ ਇੱਕ ਕਾਨੂੰਨ ਬਣਾਇਆ ਗਿਆ, ਜਿਸ ਵਿੱਚ ਓਮੋ ਨੂੰ ਪ੍ਰੇਸ਼ਾਨ ਕਰਨਾ, ਉਹਨੂੰ ਫੜਨਾ, ਸ਼ਿਕਾਰ ਕਰਨ ਦੀ ਕੋਸ਼ਿਸ਼ ਕਰਨੀ ਘੋਰ ਅਪਰਾਧ ਘੋਸ਼ਿਤ ਕਰ ਦਿੱਤਾ ਗਿਆ। ਇਸ ਕਾਨੂੰਨ ਦੇ ਬਾਦ ਲੋਕ ਉਸ ਦੇ ਕੌਤਕਾਂ ਨਾਲ ਆਪਣਾ ਮੰਨੋਰੰਜਨ ਤਾਂ ਕਰਦੇ ਸਨ, ਲੇਕਿਨ ਉਸ ਨੂੰ ਛੇੜਨ ਦੀ ਕੋਸ਼ਿਸ਼ ਨਹੀਂ ਕਰਦੇ ਸਨ। ਓਮੋ ਵੀ ਆਪਣੇ ਕਰਤੱਵਾਂ ਨਾਲ ਇਸ਼ਨਾਨ ਕਰਨ ਵਾਲਿਆਂ ਦਾ ਭਰਪੂਰ ਮੰਨੋਰੰਜਨ ਕਰਦੀ ਸੀ। ਜਿਵੇਂ ਹੀ ਉਹਨੂੰ ਜੀਲ ਦਿਖਾਈ ਦਿੰਦੀ ਉਹ ਤੁਰੰਤ ਉਸ ਦੇ ਕੋਲ ਪਹੁੰਚ ਕੇ ਉਸ ਨੂੰ ਪਾਣੀ ਵਿੱਚ ਘੁਮਾਉਣ ਲਈ ਲੈ ਜਾਂਦੀ। ਇੱਕ ਵਾਰ ਅਸਾਵਧਾਨੀ ਦੇ ਕਾਰਣ ਜੀਲ ਉਸ ਦੀ ਪਿੱਠ ਤੋਂ ਲੁੜਕ ਗਈ ਅਤੇ ਗਹਿਰੇ ਪਾਣੀ ਵਿੱਚ ਡੁੱਬਣ ਲੱਗੀ। ਓਮੋ ਨੂੰ ਜਿਵੇਂ ਹੀ ਪਤਾ ਲੱਗਾ, ਉਸ ਨੇ ਤੁਰੰਤ ਡੁਬਕੀ ਲਗਾ ਕੇ ਦੋਬਾਰਾ ਜੀਲ ਨੂੰ ਆਪਣੀ ਪਿੱਠ ਤੇ ਲੈ ਲਿਆ। ਸ਼ਾਇਦ ਇਸ ਘਟਨਾ ਦੀ ਗੰਭੀਰਤਾ ਦਾ ਅੰਦਾਜ਼ਾ ਉਸ ਨੇ ਲਗਾ ਲਿਆ ਸੀ। ਇਸ ਲਈ ਉਹ ਅੱਗੇ ਜਾ ਕੇ ਜੀਲ ਨੂੰ ਵਾਪਸ ਲੈ ਆਈ ਅਤੇ ਕਿਨਾਰੇ ਤੇ ਛੱਡ ਕੇ ਗਹਿਰੇ ਪਾਣੀ ਵਿੱਚ ਗਵਾਚ ਗਈ। ਉਸ ਦਿਨ ਦੇ ਬਾਦ ਫਿਰ ਕਦੇ ਉਸ ਦੇ ਦਰਸ਼ਨ ਨਹੀਂ ਹੋਏ। ਹੋ ਸਕਦਾ ਹੈ ਕਿ ਇਸ ਘਟਨਾ ਨਾਲ ਉਸ ਨੂੰ ਭਾਰੀ ਦੁੱਖ ਪਹੁੰਚਾ ਹੋਵੇ।

ਇਹ ਘਟਨਾ ਵੀ ਨਿਊਜ਼ੀਲੈਂਡ ਦੀ ਹੀ ਹੈ। 'ਪੇਲੋਰਸ ਜੈਕ' ਨਾਮ ਦੀ ਦੂਸਰੀ ਡਾਲਫਿਨ ਉਥੇ

ਚਰਚਾ ਦਾ ਵਿਸ਼ਾ ਬਣੀ ਸੀ। ਕਈ ਸਾਲਾਂ ਤਕ ਇਹ ਮੱਛੀ ਉਥੋਂ ਦੇ ਮਲਾਹਾਂ ਦਾ ਮੰਨੋਰੰਜਨ ਕਰਦੀ ਰਹੀ। ਉਹਨਾਂ ਨੂੰ ਆਪਣੀ ਪਿੱਠ ਤੇ ਸਵਾਰ ਕਰਕੇ ਉਹ ਸਮੁੰਦਰ ਦੀ ਯਾਤਰਾ ਕਰਾਉਂਦੀ ਸੀ। ਜਦ ਉਹ ਬੁੱਢੀ ਹੋ ਗਈ ਤਾਂ ਇੱਕ ਦਿਨ ਅਚਾਨਕ 'ਪੇਗਵਿੰਨ' ਨਾਲ ਟਕਰਾ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਬਾਦ ਵਿੱਚ ਉਸ ਦੀ ਮੌਤ ਹੋ ਗਈ।

ਸੰਨ 1971 ਵਿੱਚ ਅਮਰੀਕਾ ਦੇ ਫਲੋਰਿਡਾ ਰਾਜ ਵਿੱਚ ਏਲਿਸਬਰੀ ਪਰਿਵਾਰ ਦੇ ਕੋਲ ਇੱਕ ਪਾਲਤੂ ਡਾਲਫਿਨ ਸੀ। ਉਹ ਪਰਿਵਾਰ ਵਾਲਿਆਂ ਦੇ ਨਾਲ ਵਾਟਰ ਪੋਲੋਂ ਖੇਡਦੀ ਸੀ। ਕਦੇ-ਕਦੇ ਛੋਟੇ ਬੱਚੇ ਖੇਡਦੇ ਹੋਏ ਪਾਣੀ ਵਿੱਚ ਡਿਗ ਪੈਂਦੇ ਤਾਂ ਉਹ ਉਹਨਾਂ ਨੂੰ ਚੁੱਕ ਕੇ ਬਾਹਰ ਸੁੱਟ ਦਿੰਦੀ ਸੀ। ਬੱਚਿਆਂ ਦੇ ਨਾਲ ਖੂਬ ਖੇਡਦੀ ਅਤੇ ਮੰਨੋਰੰਜਨ ਕਰਦੀ ਸੀ।

ਡਾਲਫਿਨ ਛੋਟੀਆਂ-ਮੋਟੀਆਂ ਸ਼ਰਾਰਤਾਂ ਕਰਨ ਤੋਂ ਵੀ ਨਾ ਹਿਚਕਚਾਉਂਦੀ। ਅਜਿਹੀ ਇੱਕ ਮੱਛੀ ਬ੍ਰਿਟੇਨ ਦੇ 'ਆਯਲ ਆਫ ਮੇਨ' ਦੇ 'ਪੋਰਟ ਏਰਿਨ' ਬੰਦਰਗਾਹ ਵਿੱਚ ਸੀ। ਉਸ ਦੇ ਅੰਦਰ ਲੋਕਾਂ ਦੀ ਸਹਾਇਤਾ ਅਤੇ ਮੰਨੋਰੰਜਨ ਕਰਨ ਦੀਆਂ ਦੋਵੇਂ ਹੀ ਆਦਤਾਂ ਸਨ। ਨਾਲ ਹੀ ਉਸ ਵਿੱਚ ਤੀਸਰਾ ਸੁਭਾਅ ਇਹ ਸੀ ਕਿ ਉਹ ਮਲਾਹਾਂ ਦੇ ਨਾਲ ਛੇੜਛਾੜ ਵੀ ਕਰਦੀ ਸੀ। ਡੋਨਾਲਡ ਨਾਮ ਦੀ ਇਹ ਡਾਲਫਿਨ ਜਦ ਜ਼ਿਆਦਾ ਮਸਤੀ ਵਿੱਚ ਆਉਂਦੀ ਤਾਂ ਮਲਾਹਾਂ ਦਾ ਲੰਗਰ ਖੋਲ੍ਹ ਦਿੰਦੀ ਸੀ। ਕਦੇ-ਕਦੇ ਉਹਨਾਂ ਨੂੰ ਧੱਕ ਕੇ ਦੂਰ ਤੱਕ ਸਮੁੰਦਰ ਵਿੱਚ ਲੈ ਜਾਂਦੀ ਅਤੇ ਉਥੇ ਕੁੱਦ-ਕੁੱਦ ਕੇ ਕਿਨਾਰੇ ਤੇ ਖੜੇ ਮਲਾਹਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਉਂਦੀ ਸੀ ਕਿ ਇਹ ਉਸ ਦੀ ਸ਼ਰਾਰਤ ਹੈ।

ਇਸ ਤਰ੍ਹਾਂ ਡਾਲਫਿਨ ਦਾ ਸਹਿਯੋਗ, ਮਿੱਤਰਤਾ, ਪਰਉਪਕਾਰ ਨਿਸ਼ਚਿਤ ਤੌਰ ਤੇ ਸਲਾਹੁਣਯੋਗ ਹੈ। ਮਨੁੱਖ ਤਾਂ ਜੀਵ ਜੰਤੂਆਂ ਤੋਂ ਲੱਖ ਗੁਣਾਂ ਵਿਕਸਿਤ ਅਤੇ ਸਮਰੱਥਾਵਾਨ ਹੈ, ਫਿਰ ਉਸ ਵਿੱਚ ਤਾਂ ਇਹ ਗੁਣ ਹੋਰ ਵੀ ਵੱਧ-ਚੜ੍ਹ ਕੇ ਹੋਣੇ ਚਾਹੀਦੇ ਹਨ। ▪



*ਕਵਿਤਾ*

# ਪਾਣੀ ਦਾ ਸਹੀ ਉਪਯੋਗ

– ਗਫੂਰ 'ਸਨੇਹੀ'

*ਪਾਣੀ ਨਾਲ ਬੁਝਦੀ ਸਭ ਦੀ ਪਿਆਸ,*
*ਪਾਣੀ ਦੀ ਹੈ ਹੁਣ ਸਾਡੇ ਕੋਲ ਘਾਟ।*

*ਪਾਣੀ ਦਾ ਸਹੀ ਉਪਯੋਗ ਕਰੋ।*
*ਜਰਾ ਨਾ ਦੁਰਉਪਯੋਗ ਕਰੋ।*

*ਜਦ ਤਕ ਨਾ ਵਰਖਾ ਹੋਵੇ,*
*ਗੱਲ ਪਾਣੀ ਬਚਾਉਣ ਦੀ ਹੋਵੇ।*

*ਸੁੱਕੇ ਹਨ ਝੀਲ ਅਤੇ ਤਾਲਾਬ,*
*ਖਪਤ ਦਾ ਵੀ ਵਧਿਆ ਦਾਬ।*

*ਗੰਦਾ ਪਾਣੀ ਰੁਕੇਗਾ ਜਿਥੇ,*
*ਜੰਮਣਗੇ ਮੱਛਰ ਹਰ ਪਲ ਉਥੇ।*

*ਜੇ ਆਪਸ ਵਿੱਚ ਸਹਿਯੋਗ ਹੋਵੇ,*
*ਤਾਂ ਪਾਣੀ ਦਾ ਸਹੀ ਉਪਯੋਗ ਹੋਵੇ।*

# ਮ੍ਰਿਗਤ੍ਰਿਸ਼ਣਾ ਕੀ ਹੈ?

– ਗੋਵਿੰਦ ਸਾਂਵਲ

ਬੱਚਿਓ, ਤੁਸੀਂ ਸਾਰੇ ਮ੍ਰਿਗਤ੍ਰਿਸ਼ਣਾ ਦੇ ਨਾਮ ਤੋਂ ਜ਼ਰੂਰ ਜਾਣੂ ਹੋਵੋਗੇ। ਲੇਕਿਨ ਕੀ ਤੁਸੀਂ ਜਾਣਦੇ ਹੋ ਕਿ ਮ੍ਰਿਗਤ੍ਰਿਸ਼ਣਾ ਕੀ ਹੈ? ਅਤੇ ਸਾਨੂੰ ਕਿਉਂ ਦਿਖਾਈ ਦਿੰਦੀ ਹੈ? ਇਸ ਦਾ ਨਾਮ ਮ੍ਰਿਗਤ੍ਰਿਸ਼ਣਾ ਹੀ ਕਿਉਂ ਪਿਆ? ਗਰਮੀ ਦੇ ਮੌਸਮ ਵਿੱਚ ਆਪ ਆਪਣੇ ਪਿੰਡ ਜਾਂ ਸ਼ਹਿਰ ਦੀ ਪੱਕੀ ਸੜਕ ਤੇ ਵੇਖਿਆ ਹੋਵੇਗਾ ਕਿ ਤੁਹਾਡੇ ਤੋਂ ਕੁੱਝ ਦੂਰ ਪਾਣੀ ਨਾਲ ਭਰਿਆ ਇੱਕ ਤਲਾਬ ਹੈ। ਤੁਸੀਂ ਜਿਵੇਂ-ਜਿਵੇਂ ਉਸ ਤਾਲਾਬ ਵੱਲ ਵਧਦੇ ਹੋ, ਉਵੇਂ ਉਵੇਂ ਉਹ ਤਲਾਬ ਵੀ ਤੁਹਾਡੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਹ ਮ੍ਰਿਗਤ੍ਰਿਸ਼ਣਾ ਹੈ। ਪਾਣੀ ਨਾਲ ਭਰਿਆ ਤਾਲਾਬ ਸਾਨੂੰ ਇਸ ਲਈ ਦਿਖਾਈ ਦਿੰਦਾ ਹੈ ਕਿ ਪ੍ਰਕਾਸ਼ ਜੋ ਆਮਤੌਰ ਤੇ ਸਿੱਧਾ ਆਉਂਦਾ ਹੈ, ਉਸ ਸਮੇਂ ਸਿੱਧਾ ਨਾ ਆ ਕੇ, ਇੱਕ ਦਰਪਣ ਵਿੱਚ ਪਰਿਵਰਤਿਤ ਹੋ ਕੇ ਆਉਂਦਾ ਹੈ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਹੁਣ ਇਹ ਦਰਪਣ ਕਿਥੋਂ ਆ ਗਿਆ। ਦਰਅਸਲ ਇਹ ਸ਼ੀਸ਼ੇ ਦਾ ਦਰਪਣ ਨਹੀਂ ਹੁੰਦਾ ਬਲਕਿ ਇਹ ਹਵਾ ਦਾ ਦਰਪਣ ਹੁੰਦਾ ਹੈ। ਹੁੰਦਾ ਇਹ ਹੈ ਕਿ ਸੜਕ ਨਾਲ ਲੱਗੀ ਹਵਾ ਦੀ ਪਰਤ ਜਦ ਇੱਕ ਖਾਸ ਤਾਪ ਤੇ ਗਰਮ ਹੁੰਦੀ ਹੈ ਅਤੇ ਉਸ ਦੇ ਠੀਕ ਉਪਰ ਵਾਲੀ ਪਰਤ ਇੱਕਦਮ ਠੰਡੀ ਹੁੰਦੀ ਹੈ ਤਾਂ ਇਹ ਦਰਪਣ ਬਣਦਾ ਹੈ। ਆਕਾਸ਼ ਤੋਂ ਆਉਣ ਵਾਲਾ ਪ੍ਰਕਾਸ਼ ਜਦ ਹੇਠਾਂ ਆਉਂਦਾ ਹੈ ਤਾਂ ਉਹ ਇਸ ਠੰਡੀ ਪਰਤ ਤੋਂ ਗੁਜਰਦਾ ਹੋਇਆ, ਗਰਮ ਪਰਤ ਨਾਲ ਟਕਰਾ ਕੇ ਵਾਪਸ ਮੁੜਦਾ ਹੈ ਅਤੇ ਤਦ ਸਾਡੀਆਂ ਅੱਖਾਂ ਤੱਕ ਪਹੁੰਚਦਾ ਹੈ। ਇਸ ਪ੍ਰਕਾਰ ਆਕਾਸ਼ ਹੀ ਪਰਿਵਰਤਿਤ ਹੋ ਕੇ ਦਿਖਾਈ ਦਿੰਦਾ ਹੈ, ਜੋ ਕਿ ਇੱਕਦਮ ਪਾਣੀ ਨਾਲ ਭਰਿਆ ਤਲਾਬ ਲੱਗਦਾ ਹੈ।

ਮ੍ਰਿਗਤ੍ਰਿਸ਼ਣਾ ਕਈ ਪ੍ਰਕਾਰ ਦੀ ਹੁੰਦੀ ਹੈ। ਜਦ ਹਵਾ ਦਾ ਦਰਪਣ ਉਲਟੀ ਤਰ੍ਹਾਂ ਨਾਲ ਬਣਦਾ ਹੈ। ਠੰਡੀ ਪਰਤ ਹੇਠਾਂ ਅਤੇ ਗਰਮ ਪਰਤ ਉਪਰ ਤਾਂ ਇਹ ਕੰਮ ਵੀ ਉਲਟੀ ਤਰ੍ਹਾਂ ਨਾਲ ਕਰਦਾ ਹੈ। ਅਜਿਹੀ ਹਾਲਤ ਵਿੱਚ ਆਪ ਆਪਣੇ ਤੋਂ ਮੀਲਾਂ ਦੂਰ ਮਕਾਨ ਜਾਂ ਪਾਣੀ ਦੇ ਜਹਾਜ਼ ਵੀ ਵੇਖ ਸਕਦੇ ਹੋ। ਅਸਲ ਵਿੱਚ ਇਸ ਦਾ ਨਾਮ ਹਿਰਣ ਦੇ ਨਾਲ ਇਸ ਲਈ ਜੋੜ ਦਿੱਤਾ ਗਿਆ ਹੈ ਕਿ ਰੇਗਿਸਤਾਨ ਵਿੱਚ ਦੌੜਦਾ ਪਿਆਸਾ ਹਿਰਣ ਪਾਣੀ ਦੀ ਖੋਜ ਵਿੱਚ ਪਰਿਵਰਤਿਤ ਆਕਾਸ਼ ਨੂੰ ਹੀ ਪਾਣੀ ਸਮਝ ਕੇ ਉਸ ਦੇ ਪਿੱਛੇ ਦੌੜਦਾ ਹੈ ਲੇਕਿਨ ਇਹ 'ਪਾਣੀ' ਅੱਗੇ ਹੀ ਅੱਗੇ ਵੱਧਦਾ ਜਾਂਦਾ ਹੈ। ਇਸ ਤਰ੍ਹਾਂ ਹਿਰਣ ਦੀ ਪਿਆਸ ਕਦੇ ਬੁਝਦੀ ਹੀ ਨਹੀਂ ਹੈ। ਇਹੀ ਕਾਰਣ ਹੈ ਕਿ ਇਸ ਨੂੰ ਮ੍ਰਿਗਤ੍ਰਿਸ਼ਣਾ ਕਿਹਾ ਜਾਂਦਾ ਹੈ। ■



# ਹਾਸਾ ਖੇਡਾ

ਮੈਡਮ : (ਪੂਜਾ ਨੂੰ) ਬੇਟਾ ਕੀ ਤੂੰ ਵੱਡੀ ਹੋ ਕੇ ਟੀਚਰ ਬਣੇਗੀ?

ਪੂਜਾ : ਜੀ ਨਹੀਂ।

ਮੈਡਮ : ਕਿਉਂ?

ਪੂਜਾ : ਮੈਡਮ ਜੀ, ਕੀ ਮੈਂ ਸਾਰੀ ਉਮਰ ਸਕੂਲ ਹੀ ਆਉਂਦੀ ਰਹਾਂਗੀ।

ਟ੍ਰੇਨ ਸਟੇਸ਼ਨ ਤੇ ਰੁਕੀ। ਇੱਕ ਯਾਤਰੀ ਨੇ ਖਿੜਕੀ ਦੇ ਕੋਲ ਬੈਠੇ ਦੂਸਰੇ ਯਾਤਰੀ ਤੋਂ ਪੁੱਛਿਆ –

ਭਾਈ ਸਾਹਿਬ, ਕਿਹੜਾ ਸਟੇਸ਼ਨ ਹੈ?

ਦੂਸਰਾ ਯਾਤਰੀ ਬਾਹਰ ਵੇਖ ਕੇ ਬੋਲਿਆ – ਸ਼ਾਇਦ,

ਰੇਲਵੇ ਸਟੇਸ਼ਨ ਹੈ।

ਰਾਮੂ ਸਮੋਸੇ ਦੇ ਅੰਦਰ ਦੇ ਆਲੂ ਹੀ ਖਾ ਰਿਹਾ ਸੀ ਅਤੇ ਬਾਹਰ ਦੇ ਹਿੱਸੇ ਨੂੰ ਸੁੱਟੀ ਜਾ ਰਿਹਾ ਸੀ।

ਇੱਕ ਵਿਅਕਤੀ ਨੇ ਉਸ ਨੂੰ ਕਿਹਾ – ਆਪ ਸਮੋਸੇ ਦੇ ਸਿਰਫ ਆਲੂ ਹੀ ਕਿਉਂ ਖਾ ਰਹੇ ਹੋ?

ਰਾਮੂ ਬੋਲਿਆ –

ਕੀ ਦੱਸਾਂ ਭਾਈ ਸਾਹਿਬ! ਡਾਕਟਰ ਨੇ ਮੈਨੂੰ ਬਾਹਰ ਦੀਆਂ ਚੀਜ਼ਾਂ ਖਾਣ ਤੋਂ ਮਨ੍ਹਾ ਕੀਤਾ ਹੈ।

ਗਾਹਕ : (ਦੁਕਾਨਦਾਰ ਨੂੰ) ਭਾਈ ਸਾਹਿਬ! ਤੁਸੀਂ ਕੁਰਸੀਆਂ ਕਿਹੋ ਜਿਹੀਆਂ ਬਣਾਉਂਦੇ ਹੋ, ਹਫ਼ਤੇ ਭਰ ਵਿੱਚ ਦੋਵੇਂ ਕੁਰਸੀਆਂ ਟੁੱਟ ਗਈਆਂ ਅਤੇ ਆਖਿਰ ਜ਼ਿਆਦਾ ਦਿਨ ਕਿਉਂ ਨਹੀਂ ਚਲਦੀਆਂ?

ਦੁਕਾਨਦਾਰ : ਮਾਫ ਕਰਨਾ ਭਾਈ, ਕੁਰਸੀਆਂ ਬੈਠਣ ਲਈ ਹੁੰਦੀਆਂ ਹਨ, ਚੱਲਣ ਲਈ ਨਹੀਂ।

– ਸ਼ਰਨਜੀਤ

ਰੋਂਦੂ : ਯਾਰ ਭੋਂਦੂ, ਮੈਂ ਤੇਰਾ ਫੋਨ ਕਦ ਤੋਂ ਮਿਲਾ ਰਿਹਾ ਹਾਂ। ਹਰ ਵਾਰ ਫੋਨ ਤੋਂ ਆਵਾਜ਼ ਆਉਂਦੀ ਹੈ – 'ਦਿਸ ਇਜ ਸਵਿੱਚ ਆਫ।'

ਭੋਂਦੂ : ਓਹੋ ...ਯਾਰ ਵੋ ਤੋ ਮੇਰੀ 'ਹੈਲੋ ਟਿਊਨ' ਹੈ।

– ਗੁਰਮੀਤ ਸਿੰਘ

ਦੋ ਆਦਮੀ ਇੱਕ ਚਾਹ ਦੀ ਦੁਕਾਨ ਤੇ ਚਾਹ ਪੀਣ ਗਏ।

ਉਹਨਾਂ ਵਿੱਚੋਂ ਇੱਕ ਨੇ ਦੁਕਾਨਦਾਰ ਨੂੰ ਕਿਹਾ –

'ਟੂ ਕਪ ਟੀ'।

ਦੁਕਾਨਦਾਰ ਨੇ ਇਸ ਗੱਲ ਨਾਲ ਆਪਣੇ ਆਪ ਨੂੰ ਅਪਮਾਨਿਤ ਸਮਝਿਆ ਅਤੇ ਬੋਲਿਆ –

ਤੂੰ ਕਪਟੀ।

ਯੋਗਿਤਾ : (ਅਰਪਿਤਾ ਨੂੰ) ਇਸ ਟੇਬਲ ਤੇ ਮੇਰੀ ਕਿਤਾਬ ਰੱਖੀ ਸੀ ਕਿਥੇ ਗਈ?

ਅਰਪਿਤਾ : ਉਹੀ ਭੂਗੋਲ ਦੀ ਕਿਤਾਬ, ਜਿਸ ਨੂੰ ਤੂੰ ਬੜੀ ਖੁਸ਼ਕ ਕਿਤਾਬ ਕਹਿੰਦੀ ਸੀ। ਉਸ ਨੂੰ ਮੈਂ ਪਾਣੀ ਦੇ ਟੱਬ ਵਿੱਚ ਰੱਖ ਦਿੱਤਾ ਹੈ।

ਮਕਾਨ ਮਾਲਿਕ : (ਬਿਲਡਰ ਨੂੰ) ਮਕਾਨ ਦਾ ਹੇਠਾਂ ਵਾਲਾ ਹਿੱਸਾ ਕਿੰਨੇ ਵਿੱਚ ਬਣੇਗਾ?

ਬਿਲਡਰ : ਦਸ ਲੱਖ ਵਿੱਚ।

ਮਕਾਨ ਮਾਲਿਕ: ਅਤੇ ਉਪਰ ਵਾਲੀ ਮੰਜ਼ਿਲ।

ਬਿਲਡਰ : ਪੰਜ ਲੱਖ ਵਿੱਚ।

ਮਕਾਨ ਮਾਲਿਕ : ਤਾਂ ਇੰਝ ਕਰ, ਤੂੰ ਪਹਿਲਾਂ ਉਪਰ ਵਾਲੀ ਮੰਜ਼ਿਲ ਬਣਾ ਦੇ।



ਬੈਂਕ ਵਿੱਚ ਕਰਜਾ ਲੈਣ ਆਏ ਇੱਕ ਕਿਸਾਨ ਤੋਂ ਬੈਂਕ ਦੇ ਅਧਿਕਾਰੀ ਨੇ ਕਾਗਜਾਤ ਭਰਦੇ ਹੋਏ ਪੁੱਛਿਆ – ਤੁਹਾਡਾ ਨਾਮ?

– ਮੁਰਾਰੀ ਲਾਲ।

ਪਿਤਾ ਦਾ ਨਾਮ?

– ਬਿਹਾਰੀ ਲਾਲ।

ਉਮਰ?

– 120 ਸਾਲ।

ਕੀ ਕਿਹਾ?

– ਜੀ ਜੇਕਰ ਉਹ ਜੀਵਿਤ ਹੁੰਦੇ ਤਾਂ ਐਨੇ ਹੀ ਸਾਲਾਂ ਦੇ ਹੁੰਦੇ।

– ਅਮਿਤ

ਰਾਜੇਸ਼ : (ਵਿਜੈ ਨੂੰ) ਕੱਲ ਸਵੇਰ ਦਾ ਨਾਸ਼ਤਾ ਮੇਰੇ ਨਾਲ ਕਰਨ ਵਿੱਚ ਤੁਹਾਨੂੰ ਕੋਈ ਇਤਰਾਜ ਤਾਂ ਨਹੀਂ?

ਵਿਜਯ : ਨਹੀਂ ਤਾਂ।

ਰਾਜੇਸ਼ : ਫਿਰ ਠੀਕ ਹੈ, ਮੈਂ ਕੱਲ ਸਵੇਰੇ ਨੌਂ ਵਜੇ ਆਪ ਦੇ ਘਰ ਨਾਸ਼ਤੇ ਤੇ ਆ ਰਿਹਾ ਹਾਂ।

– ਰਵਨੀਤ ਸਿੰਘ

# ਆਜ਼ਾਦੀ

– ਓਮਕਾਰ ਸੂਦ

ਆਜ਼ਾਦੀ ਮਸਾਂ ਥਿਆਈ।
ਇਹਨੂੰ ਸਾਂਭ-ਸਾਂਭ ਕੇ ਰੱਖੀਏ।।
ਇਹਦੀ ਖਾਤਿਰ –
ਅਸਾਂ ਗਵਾ ਲਏ ਲੱਖਾਂ ਲਾਲ।।
ਦੇਸ ਲਈ ਕੁਰਬਾਨ –
ਲੱਖਾਂ ਯੋਧਿਆਂ ਨੂੰ ਯਾਦ ਕਰਕੇ,
ਇਨ੍ਹਾਂ ਦੇ ਨਾਂ ਦੀ ਮਾਲਾ ਜਪੀਏ!

ਇਸ ਵਿੱਚ ਹੀ ਸਾਡੀ
ਸੱਚੀ ਦੇਸ਼ ਭਗਤੀ !!
ਯਾਦ ਰੱਖੀਏ –
ਸੁਭਾਸ਼ ਚੰਦਰ ਬੋਸ ਦੇ ਅਸੂਲ!
ਭੁੱਲੀਏ ਨਾ ਕਦੇ –
ਸ਼ਹੀਦ ਭਗਤ ਸਿੰਘ ਦੀ ਲਾਸਾਨੀ ਸ਼ਹਾਦਤ !!
ਕਰੀਏ ਸਦਾ –
ਦੇਸ਼ ਭਗਤਾਂ ਦੀ ਵਡਿਆਈ !!!

ਹਿੰਦੂ-ਮੁਸਲਿਮ – ਸਿੱਖ-ਈਸਾਈ,
ਰਹੀਏ ਸਕਿਆਂ ਭਾਈਆਂ ਵਾਂਗ!
ਮਿਟਾਈਏ ਦੂਰੀਆਂ,
ਹਰ ਧਰਮ – ਆਪਣਾ ਸਮਝ ਕੇ,
ਕਰੀਏ ਸਭ ਧਰਮਾਂ ਦਾ ਸਨਮਾਨ !!
ਨਾ ਕਰੀਏ, ਤੂੰ-ਤੂੰ, ਮੈਂ-ਮੈਂ।

ਏਕਤਾ ਅਤੇ ਮੁਹੱਬਤ ਦੀ –
ਜੋਤੀ ਬਾਲੀਏ।
ਮਿਲ ਕੇ ਰਹੀਏ,
ਲੜੀਏ ਨਾ ਕਦੇ ਵੀ।
ਚੁਭਵੀਂ ਕਿਸੇ ਨੂੰ ਕਹਿਣ ਤੋਂ ਪਹਿਲਾਂ
ਸੌ ਵਾਰ ਸੋਚੀਏ,
ਬਿਨਾਂ ਸੋਚੇ ਕੁਝ ਨਾ ਬੋਲੀਏ।

ਬਹੁਤ ਸਹਿ ਲਈ ਪੀੜ
ਅਸਾਂ ਗੁਲਾਮੀ ਦੀ,
ਹੁਣ ਤਾਂ ਆਜ਼ਾਦੀ ਲਈ
ਜੀਵੀਏ-ਮਰੀਏ
ਇਹਨੂੰ ਸਾਂਭ ਕੇ ਰੱਖੀਏ,
ਇਹ ਹੈ ਬੜੀ ਅਨਮੋਲ !!!



# ਸਾਧਾਰਨ ਗਿਆਨ ਪ੍ਰਸ਼ਨੋਤਰੀ



*(ਸਭ ਸਵਾਲਾਂ ਦੇ ਜੁਵਾਬ 'ਗ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ 1) ਦੁਆਪਰ ਯੁਗ ਤੋਂ ਬਾਅਦ ਅਗਲਾ ਯੁਗ ਕਿਹੜਾ ਹੈ?

ਪ੍ਰਸ਼ਨ 2) ਹੈਦਰਾਬਾਦ ਦੇ ਮਸ਼ਹੂਰ ਮਿਊਜ਼ੀਅਮ ਦਾ ਨਾਂ ਕੀ ਹੈ?

ਪ੍ਰਸ਼ਨ 3) ਸੰਨ 2012 ਦੀਆਂ ਔਲੰਪਿਕ ਖੇਡਾਂ ਵਿਚ ਕਿਸ ਭਾਰਤੀ ਨੇ ਪਹਿਲਾ ਪਦਕ ਜਿੱਤਿਆ ਸੀ?

ਪ੍ਰਸ਼ਨ 4) ਭਾਰਤ ਦੇ ਪਹਿਲੇ ਬ੍ਰਿਟਿਸ਼ ਗਵਰਨਰ ਜਨਰਲ ਦਾ ਕੀ ਨਾਂ ਸੀ?

ਪ੍ਰਸ਼ਨ 5) ਦੁਰਯੋਧਨ ਨੇ ਕਰਣ ਨੂੰ ਕਿਸ ਦੇਸ਼ ਦਾ ਰਾਜਾ ਬਣਾਇਆ ਸੀ?

ਪ੍ਰਸ਼ਨ 6) ਚੀਨ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਭਾਰਤ ਵਿਚ ਰਾਜਨੀਤਕ ਪਾਰਟੀਆਂ ਨੂੰ ਚੋਣ ਨਿਸ਼ਾਨ ਕੌਣ ਦਿੰਦਾ ਹੈ?

ਪ੍ਰਸ਼ਨ 8) ਸ਼ਬਰੀ ਦੇ ਗੁਰੂ ਦਾ ਕੀ ਨਾਂ ਸੀ?

ਪ੍ਰਸ਼ਨ 9) ਪੈਨਸਲੀਨ ਦੀ ਖੋਜ ਕਿਸ ਨੇ ਕੀਤੀ?

ਪ੍ਰਸ਼ਨ 10) ਭਾਰਤੀ ਟੈਲੀਵਿਜਨ ਤੇ ਪ੍ਰਸਾਰਿਤ ਹੋਣ ਵਾਲਾ ਪਹਿਲਾ ਸੀਰਿਅਲ ਕਿਹੜਾ ਸੀ?

ਪ੍ਰਸ਼ਨ 11) ਪਾਰਸੀਆਂ ਦੇ ਪੂਜਾ ਸਥਲ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 12) ਸਮੁੰਦਰੀ ਉਦਯੋਗ ਲਈ ਮਸ਼ਹੂਰ ਵਿਸ਼ਾਖਾਪਟਨਮ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ਪ੍ਰਸ਼ਨ 13) ਭਾਰਤ ਦੇ ਪਹਿਲੇ ਵਾਇਸਰਾਏ ਦਾ ਕੀ ਨਾਂ ਸੀ?

ਪ੍ਰਸ਼ਨ 14) ਮੇਘਾਲਿਆ ਰਾਜ ਦੀ ਰਾਜਧਾਨੀ ਦਾ ਕੀ ਨਾਂ ਸੀ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲਰਾ







ਵੇਖੋ ਕਿੱਟੀ! ਮੈਂ ਨਵਾਂ ਪੈਨਸਿਲ ਬਾਕਸ ਲਿਆਇਆ ਹਾਂ।
ਬਹੁਤ ਵਧੀਆ ਹੈ, ਮੈਨੂੰ ਦੇ ਦੇ ਇਹ। ਮੈਂ ਕੱਲ ਵਾਪਸ ਦੇ ਦੇਵਾਂਗੀ।
ਕਿੱਟੀ ਤੂੰ ਮੇਰਾ ਪੈਂਸਿਲ ਬਾਕਸ ਤੋੜ ਦਿੱਤਾ। ਹੁਣ ਮੈਂ ਤੇਰੀ ਮੰਮੀ ਨੂੰ ਸ਼ਿਕਾਇਤ ਕਰਾਂਗਾ।
ਆਂਟੀ ਕਿੱਟੀ ਨੇ ਮੌਲੀ ਦਾ ਖਿਡਾਉਣਾ ਅਤੇ ਮੇਰਾ ਪੈਂਸਿਲ ਬਾਕਸ ਤੋੜ ਦਿੱਤਾ।
ਨਹੀਂ, ਮੰਮਾ ਮੈਂ ਜਾਣਬੁੱਝ ਕੇ ਨਹੀਂ ਤੋੜਿਆ ਮੈਂ ਤਾਂ ਖੇਡ ਰਹੀ ਸੀ ਅਤੇ ਉਹ ਟੁੱਟ ਗਏ।


ਕਿੱਟੀ, ਇਹ ਬਹੁਤ ਗਲਤ ਗੱਲ ਹੈ। ਹੁਣ ਸੌਰੀ ਬੋਲੋ ਇਹਨਾਂ ਦੋਵਾਂ ਨੂੰ।
ਨਹੀਂ ਮੰਮੀ!
ਮੈਨੂੰ ਕਿੱਟੀ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਾਉਣਾ ਪਏਗਾ।
ਮੰਮੀ! ਮੈਨੂੰ ਪੈਸੇ ਦਿਉ, ਮੈਂ ਨਵਾਂ ਖਿਡਾਉਣਾ ਲਿਆਉਣਾ ਹੈ।
ਕਿੱਟੀ, ਆਪਣੀ ਪਾਕਟਮਨੀ ਵਿਚੋਂ ਲੈ ਲਉ।
ਮੰਮੀ, ਵੇਖੋ ਮੇਰਾ ਨਵਾਂ ਖਿਡਾਉਣਾ।


ਮੰਮੀ! ਮੈਂ ਸੌਣ ਜਾ ਰਹੀ ਹਾਂ।
ਹੁਣ ਮੈਂ ਇਹਨੂੰ ਲੁਕਾ ਦਿੰਦੀ ਹਾਂ ਅਤੇ ਕਿੱਟੀ ਨੂੰ ਤਦ ਤਕ ਨਹੀਂ ਦੱਸਾਂਗੀ ਜਦ ਤਕ ਉਸ ਨੂੰ ਗਲਤੀ ਦਾ ਅਹਿਸਾਸ ਨਹੀਂ ਹੋ ਜਾਂਦਾ।
ਮੰਮੀ! ਮੇਰਾ ਖਿਡਾਉਣਾ ਕਿਥੇ ਹੈ?
ਮੈਨੂੰ ਨਹੀਂ ਪਤਾ ਕਿੱਟੀ, ਨਹੀਂ ਮਿਲ ਰਿਹਾ ਤਾਂ ਕੋਈ ਗੱਲ ਨਹੀਂ, ਤੂੰ ਨਵਾਂ ਲੈ ਆ।
ਪਰ ਮੰਮੀ ਉਹ ਮੇਰਾ ਫੇਵਰਟ ਖਿਡਾਉਣਾ ਸੀ।
ਸੌਰੀ, ਮੌਲੀ ਅਤੇ ਚਿੰਟੂ ਹੁਣ ਮੈਨੂੰ ਸਮਝ ਆ ਗਈ ਕਿ ਆਪਣੀ ਫੇਵਰਟ ਚੀਜ਼ ਟੁੱਟਣ ਤੇ ਕਿਵੇਂ ਲੱਗਦਾ ਹੈ।



ਬਾਲ ਕਹਾਣੀ

# ਸੋਨੀ, ਪੰਮਾ ਅਤੇ ਮੁਨਮੁਨ

– ਪ੍ਰਿਤਪਾਲ ਸਾਦਿਕ

ਕਮਾਊ ਵਿੱਚ ਸਿਟੋਲੀ ਦਾ ਪੂਰਾ ਜੰਗਲ ਅੱਜ ਬਹੁਤ ਖੁਸ਼ ਸੀ। ਉਸ ਦਾ ਕਾਰਣ ਸੀ ਕਿ ਕੁੱਕੂ ਪੰਛੀ ਦੇ ਇੱਕ ਬੱਚੇ ਨੂੰ ਇੱਕ ਛੋਟੀ ਜਿਹੀ ਚਿੱੜੀ ਫੁਟਕੀ ਆਪਣੀ ਚੁੰਝ ਵਿੱਚ ਲਿਆ-ਲਿਆ ਕੇ ਭੋਜਨ ਖੁਵਾ ਰਹੀ ਸੀ। ਕੁੱਕੂ ਨੂੰ ਪਹਾੜੀ ਲੋਕ ਕਫੁਵਾ ਵੀ ਕਹਿੰਦੇ ਹਨ ਅਤੇ ਫੁਟਕੀ ਨੂੰ ਵਿਗਿਆਨਕ ਭਾਸ਼ਾ ਵਿੱਚ ਏਸ਼ੀ ਪ੍ਰੀਨਿਆ ਕਹਿੰਦੇ ਹਨ। ਰੁੱਖਾਂ ਤੇ ਖਿੜਦੇ ਹੋਏ ਫੁੱਲ ਆਨੰਦਮਗਨ ਸਨ। ਉਹ ਕੀੜਿਆਂ ਨੂੰ ਆਪਣੇ ਵੱਲ ਖਿਚ ਕੇ ਲੁਭਾ ਰਹੇ ਸਨ। ਉਹਨਾਂ ਤੇ ਭੌਰੇ, ਤਿਤਲੀਆਂ, ਮੱਧੂਮੱਖੀਆਂ ਅਤੇ ਹੋਰ ਕੀੜੇ ਮੰਡਰਾ ਕੇ ਰਸਪਾਣ ਕਰ ਰਹੇ ਸਨ।

ਕਫੁਵਾ ਚਿੜੀ ਦਾ ਨਾਮ ਪੰਮਾ ਸੀ। ਉਸ ਨੇ ਫੁਟਕੀ ਦੇ ਆਲ੍ਹਣੇ ਵਿੱਚ ਇੱਕ ਛੋਟਾ ਜਿਹਾ ਆਂਡਾ ਦਿੱਤਾ। ਫੁਟਕੀ ਨੂੰ ਪਿਆਰ ਨਾਲ ਸਾਰੇ ਸੋਨੀ ਕਹਿੰਦੇ। ਉਹ ਹਮੇਸ਼ਾਂ ਸਾਰਿਆਂ ਦੀ ਮਦਦ ਕਰਦੀ ਰਹਿੰਦੀ। ਇਸ ਲਈ ਸਾਰੇ ਉਸ ਨੂੰ ਪਿਆਰ ਕਰਦੇ।

ਇਸੇ ਆਂਡੇ ਤੋਂ ਸੁੰਦਰ ਜਿਹੇ ਬੱਚੇ ਦਾ ਜਨਮ ਹੋਇਆ। ਜਿਸ ਦਾ ਨਾਮ ਪੰਮਾ ਅਤੇ ਸੋਨੀ ਨੇ ਮੁਨਮੁਨ ਰੱਖਿਆ। ਮੁਨਮੁਨ ਦੋਵਾਂ ਦਾ ਪਿਆਰ ਪਾ ਕੇ ਬਹੁਤ ਖੁਸ਼ ਸੀ। ਦੋਵੇਂ ਹੀ ਉਸ ਦੇ ਲਈ ਚੰਗਾ-ਚੰਗਾ ਮਨਪਸੰਦ ਭੋਜਨ ਲਿਆ ਕੇ ਖਵਾਉਂਦੇ।

ਆਮਤੌਰ ਤੇ ਕਫੁਵਾ ਆਪਣਾ ਆਲ੍ਹਣਾ ਨਹੀਂ ਬਣਾਉਂਦੀ ਹੈ। ਉਹ ਦੂਸਰਿਆਂ ਦੇ ਆਲ੍ਹਣੇ ਵਿੱਚ ਹੀ ਆਪਣੇ ਆਂਡੇ ਦੇਂਦੀ ਹੈ। ਪੰਮਾ ਅਤੇ ਸੋਨੀ ਦੀ ਬਹੁਤ ਚੰਗੀ ਦੋਸਤੀ ਸੀ।

ਪੰਮਾ ਬਹੁਤ ਬੇਵਕੂਫ ਸੀ। ਉਸ ਨੇ ਆਲ੍ਹਣਾ ਬਣਾ ਕੇ ਘਰ ਨਹੀਂ ਵਸਾਇਆ। ਉਹ ਕਦੇ ਇਸ ਟਹਿਣੀ ਤੇ ਸੌਂ ਜਾਂਦੀ, ਕਦੇ ਉਸ ਟਹਿਣੀ ਤੇ। ਸੋਨੀ ਨੇ ਕਿਹਾ, 'ਪਿਆਰੀ ਦੋਸਤ ਤੂੰ ਇੱਕ ਘਰ ਬਣਾ ਕੇ ਆਪਣਾ ਘਰ ਵਸਾ ਲੈ। ਉਹ ਵਿੱਚ ਆਰਾਮ ਨਾਲ ਰਹਿਣਾ ਅਤੇ ਆਂਡੇ ਦੇ ਕੇ ਬੱਚੇ ਦੇ ਦਿਆ ਕਰਨਾ।'

ਲੇਕਿਨ ਪੰਮਾ ਨੇ ਆਲਸ ਦੇ ਕਾਰਣ ਕਿਹਾ, 'ਮੈਂ ਘਰ ਵਸਾ ਕੇ ਕੀ ਕਰਾਂਗੀ ਭੈਣ? ਮੈਂ ਤਾਂ ਆਜ਼ਾਦ ਵਿਚਾਰਾਂ ਦੀ ਹਾਂ। ਮੈਂ ਆਜ਼ਾਦੀ ਨਾਲ ਘੁੰਮਣਾ-ਫਿਰਨਾ ਚਾਹੁੰਦੀ ਹਾਂ। ਕੌਣ ਘਰ ਬਣਾਉਣ ਦਾ ਝੰਝਟ ਕਰੇ? ਮੈਨੂੰ ਘਰ ਵਸਾਉਣਾ ਬੰਧਨ ਲੱਗਦਾ ਹੈ। ਮੇਰੇ ਖਾਨਦਾਨ ਵਿੱਚ ਤਾਂ ਕਿਸੇ ਨੇ ਘਰ ਨਹੀਂ ਵਸਾਇਆ। ਘਰ ਵਸਾਉਣ ਨਾਲ ਜ਼ਿੰਮੇਵਾਰੀ ਵੱਧ ਜਾਂਦੀ ਹੈ। ਤੂੰ ਤਾਂ ਮੇਰੀ ਪੱਕੀ ਦੋਸਤ ਹੇ। ਮੈਂ ਤਾਂ ਤੇਰੇ ਆਲ੍ਹਣੇ ਵਿੱਚ ਵੀ ਆਂਡੇ ਦੇ ਦਿਆ ਕਰਾਂਗੀ।'

ਜਦ ਸੋਨੀ ਨੇ ਇਹ ਸੁਣਿਆ ਤਾਂ ਬੋਲੀ, 'ਭੈਣ ਤੇਰੀ ਮਰਜ਼ੀ। ਲੇਕਿਨ ਇੱਕ ਗੱਲ ਜਾਣ ਲੈ ਕਿ ਆਲਸ, ਲਾਹਪ੍ਰਵਾਹੀ, ਮਨਮਰਜੀ ਇੱਕ ਦਿਨ ਆਪਣੀ ਜਾਨ ਦੇ ਹੀ ਦੁਸ਼ਮਣ ਬਣ ਜਾਂਦੇ ਹਨ।'

ਇੱਕ ਦਿਨ ਆਸਮਾਨ ਵਿੱਚ ਘੋਰ-ਘਟਾਵਾਂ ਛਾਈਆਂ ਹੋਈਆਂ ਸਨ। ਇੰਝ ਲੱਗ ਰਿਹਾ ਸੀ ਕਿ ਤੂਫ਼ਾਨ ਆਉਣ ਵਾਲਾ ਹੈ। ਤੇਜ਼ ਵਰਖਾ ਅਤੇ ਗੜੇ ਪੈਣ ਵਾਲੇ ਹਨ। ਪੰਮਾ ਤਾਂ ਪੂਰੀ ਮਨਮੌਜੀ ਸੀ। ਕਿਸੇ ਦੀ ਕੁੱਝ ਨਹੀਂ ਸੁਣਦੀ ਸੀ। ਪੰਮਾ ਨੇ ਠੰਡੀ-ਠੰਡੀ ਹਵਾ ਚੱਲਦੀ ਵੇਖੀ ਤਾਂ ਉਹ ਆਸਮਾਨ ਵੱਲ ਸੈਰ ਕਰਨ ਚਲੀ ਗਈ। ਮੁਨਮੁਨ ਅਤੇ ਸੋਨੀ ਨੇ ਮਨ੍ਹਾ ਵੀ ਕੀਤਾ ਕਿ ਲਗ ਰਿਹਾ ਹੈ ਤੇਜ਼ ਵਰਖਾ ਅਤੇ ਤੂਫ਼ਾਨ ਆਉਣ ਵਾਲਾ ਹੈ। ਨਾ ਜਾ ਅਸਮਾਨ ਦੀ ਸੈਰ ਕਰਨ ਲੇਕਿਨ ਪੰਮਾ ਨਹੀਂ ਮੰਨੀ।

ਹੋਇਆ ਵੀ ਸੱਚ ਵਿੱਚ ਇੰਝ ਹੀ ਜਿਵੇਂ ਕਿ ਬਿਨਾ ਸੋਚੇ-ਸਮਝੇ ਕੰਮ ਕਰਨ ਵਾਲਿਆਂ ਦੇ ਨਾਲ ਅਕਸਰ ਹੁੰਦਾ ਹੈ।





ਪੰਮਾ ਤੇਜ਼ ਹਵਾਵਾਂ ਦੇ ਨਾਲ ਆਸਮਾਨ ਵਿੱਚ ਮਸਤੀ ਨਾਲ ਉਡ ਰਹੀ ਸੀ ਕਿ ਤਦ ਤੇਜ਼ ਤੂਫ਼ਾਨ ਆਇਆ ਅਤੇ ਵਰਖਾ ਦੇ ਨਾਲ ਬੱਦਲਾਂ ਤੋਂ ਵੱਡੇ-ਵੱਡੇ ਗੜੇ ਡਿੱਗਣ ਲੱਗੇ। ਪੰਮਾ ਜਦ ਤਕ ਸੰਭਲਦੀ ਤਦ ਤਕ ਤਾਂ ਇੱਕ ਹੋਰ ਗੜਾ ਅਜਿਹਾ ਡਿੱਗਾ ਕਿ ਉਸ ਨੇ ਪੰਮਾ ਨੂੰ ਗੂੜੀ ਨੀਂਦ ਵਿੱਚ ਹੀ ਸੁਲਾ ਦਿੱਤਾ। ਪੂਰੀ ਰਾਤ ਝਮਾਝਮ ਵਰਖਾ ਹੁੰਦੀ ਰਹੀ।

ਅਗਲੇ ਦਿਨ ਸਵੇਰੇ ਤਕ ਪੰਮਾ ਵਾਪਸ ਨਹੀਂ ਆਈ। ਪੰਮਾ ਜਦ ਵੀ ਸੈਰ ਕਰਨ ਜਾਂਦੀ ਸੀ। ਉਹ ਸ਼ਾਮ ਤਕ ਆਪਣੀ ਦੋਸਤ ਸੋਨੀ ਦੇ ਕੋਲ ਜ਼ਰੂਰ ਵਾਪਸ ਆ ਜਾਂਦੀ ਸੀ।

ਮੁਨਮੁਨ ਨੇ ਪੁੱਛਿਆ ਪਿਆਰੀ ਮਾਸੀ, ਮੇਰੀ ਮਾਂ ਹੁਣ ਤਕ ਵਾਪਸ ਨਹੀਂ ਆਈ। ਸਭ ਠੀਕ ਤਾਂ ਹੈ ਨਾ।'

ਸੋਨੀ ਨੇ ਮੁਨਮੁਨ ਨੂੰ ਪਿਆਰ ਕਰਦੇ ਹੋਏ ਕਿਹਾ, 'ਬੇਟੀ ਮੁਨਮੁਨ ਕੱਲ ਬਹੁਤ ਤੇਜ਼ ਤੂਫਾਨ ਆਇਆ ਸੀ। ਖੂਬ ਵਰਖਾ ਅਤੇ ਗੜੇ ਪਏ ਸੀ। ਮੈਂ ਅਤੇ ਤੂੰ ਤਾਂ ਮਨ੍ਹਾ ਕੀਤਾ ਸੀ ਪੰਮਾ ਨੂੰ ਸੈਰ ਕਰਨ ਲਈ ਲੇਕਿਨ ਪੰਮਾ ਨਹੀਂ ਮੰਨੀ ਸੀ। ਲੱਗਦਾ ਹੈ ਕਿ ਉਹ ਹੁਣ ਕਦੇ ਵਾਪਸ ਨਹੀਂ ਆਏਗੀ। ਬਸ ਈਸ਼ਵਰ ਹੀ ਉਹਨੂੰ ਬਚਾ ਸਕਦਾ ਹੈ। ਜਦ ਤਕ ਉਹ ਵਾਪਸ ਨਹੀਂ ਆਉਂਦੀ ਤਦ ਤਕ ਮੈਂ ਹੀ ਪਿਆਰੀ ਮੁਨਮੁਨ, ਤੇਰੀ ਦੇਖਭਾਲ ਅਤੇ ਪਾਲਣ-ਪੋਸ਼ਣ ਕਰਾਂਗੀ ਜਦ ਤਕ ਤੂੰ ਉਡਣ ਦੇ ਕਾਬਿਲ ਨਹੀਂ ਹੋ ਜਾਂਦੀ।

ਇਹ ਸੁਣ ਕੇ ਮੁਨਮੁਨ ਉਦਾਸ ਹੋ ਗਈ ਅਤੇ ਰੋਣ ਲੱਗੀ। ਸੋਨੀ ਨੇ ਉਹਨੂੰ ਬਹੁਤ ਹੌਸਲਾ ਦਿੱਤਾ। ਉਸ ਨੂੰ ਪਿਆਰ ਨਾਲ ਪਲੋਸਿਆ। ਰੁੱਖ ਤੇ ਬੈਠੇ ਪੰਛੀਆਂ ਨੇ ਵੀ ਮੁਨਮੁਨ ਨੂੰ ਹੌਸਲਾ ਦਿੱਤਾ।

ਸੋਨੀ ਨੇ ਸਮਝਾਇਆ, ''ਪਿਆਰੀ ਮੁਨਮੁਨ ਮੈਂ ਚੰਗੀਆਂ-ਚੰਗੀਆਂ ਗੱਲਾਂ ਸਿਖਾਵਾਂਗੀ। ਸ਼ਾਇਦ ਤੈਨੂੰ ਭੁੱਖ ਲੱਗੀ ਹੋਵੇਗੀ। ਈਸ਼ਵਰ ਅਗੇ ਪ੍ਰਾਰਥਨਾ ਕਰਦੇ ਹਾਂ ਤੇਰੀ ਮਾਂ ਸਹੀ-ਸਲਾਮਤ ਵਾਪਸ ਆਏ। ਮੈਂ ਤੇਰੇ ਲਈ ਕੁੱਝ ਭੋਜਨ ਚੁਗ ਕੇ ਲਿਆਉਂਦੀ ਹਾਂ।

ਮੁਨਮੁਨ ਨੂੰ ਸਾਰੇ ਪੰਛੀ ਪਿਆਰ ਦੇ ਰਹੇ ਸਨ। ਸੋਨੀ ਮੁਨਮੁਨ ਨੂੰ ਭੋਜਨ ਲਿਆ ਕੇ ਖੁਵਾਉਣ ਲੱਗੀ ਸੀ। ਪੂਰਾ ਜੰਗਲ ਇਹ ਵੇਖ ਕੇ ਬਹੁਤ ਖੁਸ਼ ਸੀ। ■



# ਕੀ ਤੁਸੀਂ ਜਾਣਦੇ ਹੋ

- ਹਾਥੀ ਦੀ ਸੁੰਡ ਵਿੱਚ ਲਗਭਗ ਚਾਲੀ ਹਜ਼ਾਰ ਮਾਸਪੇਸ਼ੀਆਂ ਹੁੰਦੀਆਂ ਹਨ ਲੇਕਿਨ ਹੱਡੀ ਇੱਕ ਵੀ ਨਹੀਂ। ਇਹ ਆਪਣੀ ਸੁੰਡ ਵਿੱਚ ਲਗਭਗ 8 ਲੀਟਰ ਤਕ ਪਾਣੀ ਭਰ ਕੇ ਲੈ ਜਾ ਸਕਦਾ ਹੈ ਇਹ ਆਦਮੀ ਦਾ ਮੁਸ਼ਕ ਤਿੰਨ ਹਜ਼ਾਰ ਫੁੱਟ ਦੀ ਦੂਰੀ ਤੋਂ ਸੁੰਘ ਸਕਦਾ ਹੈ।
- ਜ਼ਿਰਾਫ ਦੀ ਲੱਤ ਖਾ ਕੇ ਵੱਡੇ ਤੋਂ ਵੱਡਾ ਪਸ਼ੂ ਅਤੇ ਸ਼ੇਰ ਤਕ ਮਰ ਸਕਦਾ ਹੈ। ਇਹ ਪਿਛਲੀਆਂ ਲੱਤਾਂ ਨੂੰ ਬੜੀ ਗਤੀ ਨਾਲ ਪਿਸਟਨ ਦੀ ਤਰ੍ਹਾਂ ਚਲਾਉਂਦਾ ਹੈ।
- ਬਿੱਲੀ ਦੀ ਰੀੜ ਦੀ ਹੱਡੀ ਬੇਹੱਦ ਲਚੀਲੀ ਹੁੰਦੀ ਹੈ। ਇਸ ਲਈ ਇਹ ਬੇਹੱਦ ਤੰਗ ਜਗ੍ਹਾ ਵਿੱਚੋਂ ਵੀ ਨਿਕਲ ਜਾਂਦੀ ਹੈ। ਇਸ ਦੇ ਪੈਰਾਂ ਵਿੱਚ ਗੱਦੀਆਂ ਹੁੰਦੀਆਂ ਹਨ। ਇਹੀ ਕਾਰਣ ਹੈ ਕਿ ਬਿਨਾਂ ਆਵਾਜ਼ ਦੇ ਉਪਰ ਤੋਂ ਹੇਠਾਂ ਕੁੱਦ ਸਕਦੀ ਹੈ।
- ਬਾਂਦਰਾਂ ਵਿੱਚ ਚਿੰਮਪੈਂਜੀ ਸਭ ਤੋਂ ਬੁੱਧੀਮਾਨ ਹੁੰਦਾ ਹੈ। ਮਨੁੱਖ ਦੀ ਤਰ੍ਹਾਂ ਚਿੰਮਪੈਂਜੀ ਦੇ ਵੀ ਪੂਛ ਨਹੀਂ ਹੁੰਦੀ।
- ਘੋੜਾ ਚਾਰ ਸਾਲ ਤੱਕ ਬਾਲਗ ਹੋ ਜਾਂਦਾ ਹੈ। ਇਹ ਖੜੇ-ਖੜੇ ਹੀ ਸੌਂ ਜਾਂਦਾ ਹੈ। ਜਿਵੇਂ ਹੀ ਸੌਂਦਾ ਹੈ ਇਸ ਦੇ ਗੋਡੇ ਦੀਆਂ ਹੱਡੀਆਂ ਇੰਟਰਲਾਕਿੰਗ ਹੋ ਜਾਂਦੀਆਂ ਹਨ। ਅਰਥਾਤ ਮੁੜਨ ਵਾਲੀਆਂ ਹੱਡੀਆਂ ਵਿੱਚ ਤਾਲਾ ਲੱਗ ਜਾਂਦਾ ਹੈ।
- ਗਲਿਹਰੀ ਦੇ ਦੰਦ ਅਜਿਹੇ ਹੁੰਦੇ ਹਨ ਕਿ ਇਹ ਥੱਕਣ ਜਾਂ ਟੁੱਟਣ ਦਾ ਨਾਮ ਹੀ ਨਹੀਂ ਲੈਂਦੇ। ਦੰਦਾਂ ਦੀ ਲੰਬਾਈ ਆਮ ਬਣਾਈ ਰੱਖਣ ਲਈ ਉਹਨਾਂ ਨੂੰ ਕੁਤਰਦੇ ਰਹਿਣਾ ਪੈਂਦਾ ਹੈ।
- ਕਸਤੂਰੀ ਹਿਰਣ ਦੇ ਸਰੀਰ ਵਿੱਚ ਪੇਟ ਦੀ ਚਮੜੀ ਦੇ ਹੇਠਾਂ ਧੁੰਨੀ ਦੇ ਕੋਲ ਇੱਕ ਖਾਸ ਗ੍ਰੰਥੀ ਵਿੱਚ ਕਸਤੂਰੀ ਰਹਿੰਦੀ ਹੈ। ਇੱਕ ਵਾਰ ਵਿੱਚ 15 ਤੋਂ 25 ਗ੍ਰਾਮ ਕਸਤੂਰੀ ਨਿਕਲਦੀ ਹੈ।
- ਉਠ ਦੌੜਦੇ ਸਮੇਂ ਆਪਣੀਆਂ ਇੱਕ ਪਾਸੇ ਦੀਆਂ ਦੋਵੇਂ ਲੱਤਾਂ ਇੱਕਠੇ ਚਲਾਉਂਦਾ ਹੈ ਜਿਸ ਨਾਲ ਸਵਾਰ ਅੱਗੇ-ਪਿੱਛੇ ਹਿਲਦਾ ਹੈ। ਇਸ ਦਾ ਦੁੱਧ ਬਹੁਤ ਗੁਣਕਾਰੀ ਹੁੰਦਾ ਹੈ। ਇਸ ਦਾ ਦੁੱਧ ਬਹੁਤ ਛੇਤੀ ਫਟ ਜਾਂਦਾ ਹੈ ਇਸ ਲਈ ਇਸ ਨੂੰ ਤੁਰੰਤ ਪੀਣਾ ਪੈਂਦਾ ਹੈ।

ਪੇਸ਼ਕਸ਼ : ਜਗਤਾਰ ਚਮਨ

# ਸੱਚਾਈ ਬਾਲਿਕਾ ਵਿਕਟੋਰੀਆ ਦੀ

– ਅਮਰਜੀਤ ਸਿੰਘ 'ਅਮਰ'



ਜੋ ਮਨੁੱਖ ਸੱਚਾਈ ਦੀ ਰਾਹ ਤੇ ਚੱਲਦੇ ਹਨ ਉਹਨਾਂ ਨੂੰ ਬੜੇ ਕਸ਼ਟ ਸਹਿਣੇ ਪੈਂਦੇ ਹਨ, ਪਰ ਉਹ ਸੱਚ ਨੂੰ ਕਦੇ ਨਹੀਂ ਛੱਡਦੇ। ਉਹ ਸੱਚ ਤੇ ਚੱਲਦੇ ਰਹਿੰਦੇ ਹਨ ਅਤੇ ਅਗੇ ਚੱਲ ਕੇ ਮਹਾਨ ਬਣਦੇ ਹਨ।

ਬਚਪਨ ਵਿੱਚ ਹੀ ਮਾਤਾ-ਪਿਤਾ ਨੇ ਵਿਕਟੋਰੀਆ ਨੂੰ ਉੱਤਮ ਗੁਣਾਂ ਨਾਲ ਭਰਪੂਰ ਬਣਾਉਣ ਦਾ ਪੂਰਾ ਯਤਨ ਕੀਤਾ ਸੀ। ਰਾਜਕੁਲ ਵਿੱਚ ਵਿਕਟੋਰੀਆ ਹੀ ਇੱਕ ਮਾਤਰ ਸੰਤਾਨ ਸੀ। ਇਸ ਲਈ ਇੰਗਲੈਂਡ ਦਾ ਰਾਜਮੁਕਟ ਉਸ ਦੇ ਸਿਰ ਨੂੰ ਵਿਭੂਸ਼ਿਤ ਕਰੇਗਾ। ਇਹ ਪਹਿਲਾਂ ਤੋਂ ਹੀ ਨਿਸ਼ਚਿਤ ਸੀ। ਬੜੀ ਸਾਵਧਾਨੀ ਨਾਲ ਮਾਤਾ ਲੂਈਸਾ ਇਹ ਯਤਨ ਕਰਦੀ ਸੀ ਕਿ ਉਹਨਾਂ ਦੀ ਪੁੱਤਰੀ ਅੰਦਰ ਕੋਈ ਦੁਰਗੁਣ ਨਾ ਆਏ। ਵਿਕਟੋਰੀਆਂ ਨੂੰ ਖਰਚ ਲਈ ਹਫ਼ਤੇ ਵਿੱਚ ਇੱਕ ਨਿਸ਼ਚਿਤ ਰਕਮ ਮਿਲਦੀ ਸੀ। ਮਾਤਾ ਨੇ ਉਹਨੂੰ ਕਹਿ ਰੱਖਿਆ ਸੀ ਕਿ ਕਿਸੇ ਤੋਂ ਕਰਜ਼ ਜਾਂ ਉਧਾਰ ਨਹੀਂ ਲੈਣਾ।

ਇੱਕ ਦਿਨ ਵਿਕਟੋਰੀਆ ਆਪਣੀ ਅਧਿਆਪਕਾ ਦੇ ਨਾਲ ਬਾਜ਼ਾਰ ਗਈ। ਤਦ ਉਹ ਅੱਠ ਸਾਲ ਦੀ ਸੀ। ਖਿਡਾਉਣਿਆਂ ਦੀ ਦੁਕਾਨ ਤੇ ਜਾ ਕੇ ਉਸ ਨੇ ਇੱਕ ਸੁੰਦਰ ਛੋਟਾ ਜਿਹਾ ਬਕਸਾ ਪਸੰਦ ਕੀਤਾ। ਉਸ ਦੇ ਪੈਸੇ ਅਧਿਆਪਕਾ ਦੇ ਕੋਲ ਰਹਿੰਦੇ ਸਨ। ਅਧਿਆਪਕਾ ਨੇ ਦੱਸਿਆ ਕਿ ਇਸ ਹਫ਼ਤੇ ਦੇ ਪੈਸੇ ਖਤਮ ਹੋ ਗਏ ਹਨ। ਦੁਕਾਨਦਾਰ ਨੇ ਕਿਹਾ – ਆਪ ਬਕਸਾ ਲੈ ਜਾਉ ਪੈਸੇ ਬਾਦ ਵਿੱਚ ਆ ਜਾਣਗੇ।

ਬਾਲਿਕਾ ਵਿਕਟੋਰੀਆਂ ਨੇ ਕਿਹਾ – ''ਮੈਂ ਉਧਾਰ ਨਹੀਂ ਲਵਾਂਗੀ। ਮੇਰੀ ਮਾਤਾ ਨੇ ਮੈਨੂੰ ਮਨ੍ਹਾ ਕਰ ਰੱਖਿਆ ਹੈ। ਆਪ ਬਕਸਾ ਵੱਖਰਾ ਰੱਖ ਦਿਉ। ਅਗਲੇ ਹਫ਼ਤੇ ਜਦ ਮੈਨੂੰ ਪੈਸੇ ਮਿਲਣਗੇ, ਮੈਂ ਉਸ ਨੂੰ ਲੈ ਜਾਵਾਂਗੀ।'' ਇੱਕ ਹਫ਼ਤੇ ਬਾਦ ਪੈਸੇ ਮਿਲਣ ਤੇ ਵਿਕਟੋਰੀਆ ਨੇ ਉਹ ਬਕਸਾ ਖਰੀਦ ਲਿਆ।

ਇੱਕ ਦਿਨ ਵਿਕਟੋਰੀਆ ਦਾ ਮਨ ਪੜ੍ਹਨ ਵਿੱਚ ਨਹੀਂ ਲੱਗ ਰਿਹਾ ਸੀ। ਉਸ ਦੀ ਅਧਿਆਪਕਾ ਨੇ ਕਿਹਾ – 'ਥੋੜਾ ਪੜ੍ਹ ਲਉ। ਮੈਂ ਛੇਤੀ ਛੁੱਟੀ ਦੇ ਦੇਵਾਂਗੀ।'

ਬਾਲਿਕਾ ਨੇ ਕਿਹਾ – 'ਅੱਜ ਮੈਂ ਨਹੀਂ ਪੜ੍ਹਾਂਗੀ।'

ਅਧਿਆਪਕਾ ਬੋਲੀ – 'ਮੇਰੀ ਗੱਲ ਮੰਨ ਲਉ।'

ਬਾਲਿਕਾ ਮਚਲ ਗਈ – 'ਅੱਜ ਮੈਂ ਨਹੀਂ ਪੜ੍ਹਾਂਗੀ।'

ਮਾਤਾ ਲੁਈਸਾ ਨੇ ਇਹ ਸੁਣ ਲਿਆ। ਪਰਦਾ ਉਠਾ ਕੇ ਕਮਰੇ ਵਿੱਚ ਆ ਗਈ ਅਤੇ ਪੁੱਤਰੀ ਨੂੰ ਝਿੜਕਣ ਲੱਗੀ- 'ਕੀ ਬਕ ਰਹੀ ਹੈ।'

ਅਧਿਆਪਕਾ ਨੇ ਕਿਹਾ- ਆਪ ਨਾਰਾਜ਼ ਨਾ ਹੋਵੋ। ਰਾਜਕੁਮਾਰੀ ਪਹਿਲੀ ਵਾਰ ਮੇਰੀ ਗੱਲ ਨਹੀਂ ਮੰਨ ਰਹੀ ਹੈ।

ਬਾਲਿਕਾ ਵਿਕਟੋਰੀਆ ਨੇ ਤੁਰੰਤ ਕਿਹਾ – 'ਆਪ ਨੂੰ ਯਾਦ ਨਹੀਂ ਹੈ, ਮੈਂ ਦੋ ਵਾਰ ਆਪ ਦੀ ਗੱਲ ਨਹੀਂ ਮੰਨੀ ਹੈ।'

ਬਚਪਨ ਵਿੱਚ ਹੀ ਸੱਚ ਦੇ ਪਾਲਣ ਦਾ ਨਤੀਜਾ ਸੀ ਕਿ ਆਪਣੇ ਰਾਜਕਾਲ ਵਿੱਚ ਮਹਾਰਾਣੀ ਵਿਕਟੋਰੀਆ ਐਨੀ ਪ੍ਰਸਿੱਧ ਅਤੇ ਹਰਮਨਪਿਆਰੀ ਹੋ ਸਕੀ।

# ਬਾਲ ਸੁਰੱਖਿਆ

– ਡਾ. ਪਰਸ਼ੂਰਾਮ ਸ਼ੁਕਲ

ਈਸ਼ਵਰ ਨੇ ਜਗ ਵਿੱਚ ਮਾਨਵ ਨੂੰ,
ਸਭ ਤੋਂ ਚੰਗਾ ਮੰਨਿਆ।
ਆਪਣੇ ਵਰਗਾ ਉਸ ਨੂੰ ਬਣਾ ਕੇ,
ਕਿਹਾ ਧਰਤੀ ਮਹਿਕਾਉਣਾ।

ਇੱਕ ਨਵਾਂ ਵਰਦਾਨ ਸਮਝ ਕੇ,
ਮਾਂ ਬੱਚੇ ਨੂੰ ਜਨਮ ਹੈ ਦੇਂਦੀ।
ਬੱਚੇ ਦੀ ਮੁਸਕਰਾਹਟ ਹਮੇਸ਼ਾਂ,
ਮਾਂ ਨੂੰ ਵੀ ਸੁੱਖ ਹੈ ਦੇਂਦੀ।

ਦੁੱਧ ਪਿਲਾਉਂਦੀ, ਮਾਲਿਸ਼ ਕਰਦੀ,
ਗੀਤ ਸੁਣਾਉਂਦੀ ਨਹਾਉਂਦੀ।
ਦਿਨ ਭਰ ਕਰਦੀ ਪਿਆਰ ਰਾਤ ਨੂੰ,
ਆਪਣੇ ਕੋਲ ਸੁਵਾਉਂਦੀ।

ਸੁਪਨੇ ਮਿੱਠੇ ਵੇਖਦੀ ਹੈ ਉਹ,
ਬੱਚੇ ਦੇ ਜੀਵਨ ਦੇ।
ਜਿਵੇਂ ਮਾਲੀ ਰਾਹ ਹੈ ਤੱਕਦਾ,
ਖਿੜਨ ਫੁੱਲ ਬਾਗਾਂ ਦੇ।

ਰਹਿ ਸਕਦੇ ਹਾਂ ਸੁਖੀ ਜਦੋਂ,
ਸਭ ਬੱਚੇ ਮੁਸਕਰਾਉਣ।
ਬਿਨਾ ਭੇਦ ਇਹ ਬਸਤਾ ਲੈ ਕੇ,
ਪੜ੍ਹਨ ਸਕੂਲੇ ਜਾਣ।

ਈਸ਼ਵਰ ਦੇ ਅਨਮੋਲ ਤੋਹਫੇ ਨੂੰ,
ਸਮਝੋ ਅਤੇ ਬਚਾਉ।
ਬਾਲ ਸੁਰੱਖਿਆ ਕਰਕੇ ਆਪਣੇ
ਸਾਰੇ ਫਰਜ਼ ਨਿਭਾਉ।





ਰੋਚਕ ਕਹਾਣੀ

# ਖੂਹ ਵਿੱਚ ਡਿਗਿਆ ਚੰਨ੍ਹ

– ਕਮਲ ਸੋਗਾਨੀ

ਚਾਚਾ ਚੂੰਨੀਲਾਲ ਤਪਾਕੀ ਦਿਮਾਗ ਦੇ ਆਦਮੀ ਸਨ। ਹਰ ਦੋ-ਚਾਰ ਦਿਨ ਛੱਡ ਕੇ ਉਹਨਾਂ ਦੇ ਦਿਮਾਗ ਵਿੱਚ ਜਦ ਗਰਮੀ ਚੜ ਜਾਂਦੀ ਤਾਂ ਉਹ ਤਰ੍ਹਾਂ-ਤਰ੍ਹਾਂ ਦੀਆਂ ਹਰਕਤਾਂ ਕਰਦੇ।

ਪੂਨਮ ਦੀ ਚਾਂਦਨੀ ਰਾਤ ਵਿੱਚ ਕੋਈ ਸੁੰਦਰ ਸੁਫ਼ਨਾ ਵੇਖ ਕੇ ਚਾਚਾ ਦੀ ਨੀਂਦ ਉਖੜ ਗਈ। ਉਹ ਮੰਜੇ ਤੇ ਬੈਠ ਕੇ ਸੁਫ਼ਨੇ ਬਾਰੇ ਸੋਚਣ ਲੱਗੇ। ਹਾਂ ਸੁਫ਼ਨਾ ਵੀ ਬੜਾ ਅਜ਼ੀਬ ਸੀ। ਜੰਗਲ ਦੇ ਰਾਹ ਵਾਲੇ ਖੂਹ ਵਿੱਚ ਕੋਈ ਪਰੀ ਪਾਣੀ ਤੇ ਨਾਚ ਕਰ ਰਹੀ ਹੈ। ਹੁਣ ਉਸ ਤੋਂ ਰਿਹਾ ਨਾ ਗਿਆ, ਪਰੀ ਨੂੰ ਵੇਖਣ ਲਈ ਉਤਾਵਲੇ ਹੋ ਉਠੇ ਅਤੇ ਉਹਨਾਂ ਦੇ ਤਪਾਕੀ ਦਿਮਾਗ ਤੇ ਫਿਰ ਤੋਂ ਗਰਮੀ ਹਾਵੀ ਹੋ ਗਈ। ਉਹ ਦੌੜੇ-ਦੌੜੇ ਖੂਹ ਦੇ ਕੋਲ ਪਹੁੰਚੇ ਤਾਂ ਬੜੀ ਹੈਰਾਨੀ ਹੋਈ। ਪਰੀ ਦੀ ਥਾਂ ਤੇ ਪੁੰਨਿਆ ਦਾ ਚੰਨ੍ਹ ਮੁਸਕਰਾ ਰਿਹਾ ਸੀ।

ਦਰਅਸਲ ਖੂਹ ਵਿੱਚ ਪੁੰਨਿਆ ਦੇ ਚੰਨ੍ਹ ਦੇ ਪਛਾਂਵੇਂ ਨੂੰ ਵੇਖ ਕੇ ਉਹ ਸੋਚਣ ਲੱਗੇ। ਸ਼ਾਇਦ ਪਰੀ ਆਸਮਾਨ ਤੋਂ ਆਉਂਦੇ ਵਕਤ ਚੰਨ੍ਹ ਤੇ ਬੈਠ ਕੇ ਆਈ ਹੋਵੇਗੀ। ਹਾਂ, ਉਹ ਤਾਂ ਖੰਭ ਲਾ ਕੇ ਉਡ ਗਈ ਅਤੇ ਵਿਚਾਰੇ ਚੰਨ੍ਹ ਨੂੰ ਇਸ ਖੂਹ ਵਿੱਚ ਧੱਕ ਗਈ।

ਹੁਣ ਚੰਨ੍ਹ ਨੂੰ ਖੂਹ ਵਿੱਚ ਡਿਗਿਆ ਵੇਖ ਕੇ ਉਹਨਾਂ ਨੂੰ ਚਿੰਤਾ ਹੋਈ। ਉਹਨਾਂ ਨੇ ਮਨ ਵਿੱਚ ਵਿਚਾਰ ਕੀਤਾ- ਇਹਨੂੰ ਤੁਰੰਤ ਕੱਢ ਲੈਣਾ ਚਾਹੀਦਾ ਹੈ।' ਬਸ, ਇਹੀ ਸੋਚ ਕੇ ਉਹ ਤੁਰੰਤ ਘਰ ਪਹੁੰਚੇ ਅਤੇ ਇੱਕ ਲੰਮੀ ਮਜ਼ਬੂਤ ਰੱਸੀ ਲੈ ਕੇ ਖੂਹ ਦੇ ਕੋਲ ਜਾ ਪਹੁੰਚੇ।

ਹੁਣ ਉਹਨਾਂ ਨੇ ਪੂਰੀ ਤਾਕਤ ਨਾਲ ਰੱਸੀ ਨੂੰ ਖੂਹ ਵਿੱਚ ਸੁੱਟਿਆ, ਰੱਸੀ ਦਾ ਆਖਰੀ ਸਿਰਾ ਉਹਨਾਂ ਦੇ ਹੱਥ ਵਿੱਚ ਸੀ। ਰੱਸੀ ਪਾਣੀ ਵਿੱਚ ਭਿੱਜ ਕੇ ਡੁੱਬਣ ਲੱਗੀ ਤਾਂ ਉਹਨਾਂ ਨੇ ਇੱਕ ਜ਼ੋਰਦਾਰ ਆਵਾਜ਼ ਦੇ ਕੇ ਕਿਹਾ, ''ਚਾਂਦਮਲ ਜੀ। ਜਰਾ ਇਸ ਰੱਸੀ ਨੂੰ ਮਜ਼ਬੂਤੀ ਨਾਲ ਫੜ ਲਉ। ਇਸੇ ਵਿੱਚ ਤੁਹਾਡੀ ਭਲਾਈ ਅਤੇ ਜ਼ਿੰਦਗੀ ਹੈ। ਹਾਂ, ਮੈਂ ਚਾਹੁੰਦਾ ਹਾਂ ਕਿ ਤੁਹਾਡੀ ਚਮਕ-ਦਮਕ ਸਦਾ ਕਾਇਮ ਰਹੇ।''

ਸੰਯੋਗਵਸ ਰੱਸੀ ਦਾ ਇੱਕ ਸਿਰਾ ਭਾਰੀਭਰਕਮ ਚੱਟਾਨ ਵਿੱਚ ਫਸ ਗਿਆ। ਉਹਨਾਂ ਨੇ ਪੂਰੀ ਤਾਕਤ ਲਗਾ ਦਿੱਤੀ, ਲੇਕਿਨ ਰੱਸੀ ਆਪਣੀ ਥਾਂ ਤੋਂ ਜਰਾ ਨਾ ਹਿੱਲੀ। ਚਾਚਾ ਸਮਝੇ ਕਿ ਚੰਨ੍ਹ ਬਹੁਤ ਭਾਰੀ ਹੈ। ਇਸ ਲਈ ਮੇਰੇ ਤੋਂ ਨਹੀਂ ਖਿਚ ਹੋ ਰਿਹਾ। ਬਸ ਇਹੀ ਸੋਚ ਕੇ ਉਹਨਾਂ ਨੇ ਇੱਕ ਵਾਰ ਫਿਰ ਤੋਂ ਪੂਰੀ ਤਾਕਤ ਲਗਾ ਕੇ ਖਿੱਚਣ ਦਾ ਜਤਨ ਕੀਤਾ। ਇਸ ਸੰਘਰਸ਼ ਵਿੱਚ ਰੱਸੀ ਚਟਾਨ ਤੋਂ ਨਿਕਲ ਗਈ। ਚਾਚਾ ਜੀ ਜੋ ਪੂਰੀ ਤਾਕਤ ਨਾਲ ਉਸ ਨੂੰ ਖਿਚ ਰਹੇ ਸਨ, ਪਿੱਛੇ ਵੱਲ ਧੜੱਮ ਕਰਕੇ ਡਿੱਗ ਪਏ। ਉਹਨਾਂ ਨੂੰ ਕਈ ਥਾਵਾਂ ਤੇ ਸੱਟ ਲੱਗੀ, ਲੇਕਿਨ ਜਦ ਆਕਾਸ਼ ਤੇ ਨਜ਼ਰ ਗਈ ਤਾਂ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

ਪੁੰਨਿਆ ਦਾ ਚੰਨ੍ਹ ਆਪਣੀ ਪੂਰੀ ਚਮਕ-ਦਮਕ ਨਾਲ ਆਸਮਾਨ ਵਿੱਚ ਮੁਸਕਰਾ ਰਿਹਾ ਸੀ। ਉਹ ਖੁਦ ਨੂੰ ਧੰਨਵਾਦ ਦਿੰਦੇ ਹੋਏ ਬੋਲੇ - ''ਭਗਵਾਨ ਦਾ ਸ਼ੁਕਰ ਹੈ ਮੇਰੀ ਮਿਹਨਤ ਵਿਅਰਥ ਨਹੀਂ ਗਈ ਅਤੇ ਦੁਨੀਆ ਦੇ ਲਈ ਕੰਮ ਆ ਗਈ। ਮੈਂ ਜ਼ਮੀਨ ਤੇ ਤਾਂ ਡਿਗ ਗਿਆ, ਪਰ ਚੰਨ੍ਹ ਨੂੰ ਆਕਾਸ਼ ਤੇ ਪਹੁੰਚਾ ਕੇ ਹੀ ਮੈਂ ਦਮ ਲਿਆ....। ■

ਪ੍ਰੇਰਕ ਪ੍ਰਸੰਗ

# ਸਮਰਾਟ ਦੀ ਮਹਾਨਤਾ

– ਸ਼ਾਮਸੁੰਦਰ 'ਸੁਮਨ'

ਫ੍ਰਾਂਸ ਦੇ ਸਮਰਾਟ ਹੇਨਰੀ ਆਪਣੀ ਰਾਜਧਾਨੀ ਪੇਰਿਸ ਵਿੱਚ ਕਿਤੇ ਜਾ ਰਹੇ ਸਨ। ਉਹਨਾਂ ਦੇ ਮੰਤਰੀ ਮੰਡਲ ਦੇ ਮੈਂਬਰ ਅਤੇ ਪਤਵੰਤੇ ਵਿਅਕਤੀ ਵੀ ਉਹਨਾਂ ਦੇ ਨਾਲ ਸਨ। ਉਹਨਾਂ ਨੂੰ ਰਾਹ ਵਿੱਚ ਇੱਕ ਭਿਖਾਰੀ ਮਿਲਿਆ। ਸਮਰਾਟ ਨੂੰ ਵੇਖ ਕੇ ਭਿਖਾਰੀ ਨੇ ਆਪਣੇ ਸਿਰ ਤੋਂ ਟੋਪੀ ਲਾਹੀ ਅਤੇ ਥੋੜਾ ਝੁਕ ਕੇ ਸੁਆਗਤ ਕੀਤਾ। ਫ੍ਰਾਂਸ ਵਿੱਚ ਸੁਆਗਤ ਦਾ ਇਹੀ ਤਰੀਕਾ ਪ੍ਰਚਲਿਤ ਸੀ।

ਭਿਖਾਰੀ ਦੇ ਸਵਾਗਤ ਦੇ ਜਵਾਬ ਵਿੱਚ ਸਮਰਾਟ ਨੇ ਆਪਣਾ ਟੋਪ ਉਤਾਰਿਆ ਅਤੇ ਥੋੜਾ ਝੁਕੇ। ਸਮਰਾਟ ਨੂੰ ਇਸ ਤਰ੍ਹਾਂ ਕਰਦੇ ਵੇਖ ਕੇ ਸਾਰੇ ਲੋਕ ਹੈਰਾਨ ਰਹਿ ਗਏ। ਉਹਨਾਂ ਦੇ ਸਾਥੀਆਂ ਨੇ ਕਿਹਾ - 'ਸਮਰਾਟ! ਆਪ ਇਸ ਦੇਸ਼ ਦੇ ਸਰਵੋਤਮ ਨਾਗਰਿਕ ਹੋ। ਇੱਕ ਭਿਖਾਰੀ ਦਾ ਇਸ ਤਰ੍ਹਾਂ ਸਵਾਗਤ ਕਰਨਾ ਆਪ ਨੂੰ ਸ਼ੋਭਾ ਨਹੀਂ ਦਿੰਦਾ।''

ਸਮਰਾਟ ਹੇਨਰੀ ਨੇ ਜਵਾਬ ਦਿੱਤਾ - 'ਨਹੀਂ ਮਿੱਤਰੋ! ਮੈਂ ਜੋ ਕੁੱਝ ਕੀਤਾ ਹੈ ਉਹ ਇੱਕਦਮ ਸਹੀ ਕੀਤਾ ਹੈ। ਜੇਕਰ ਮੈਂ ਅਜਿਹਾ ਨਹੀਂ ਕਰਦਾ ਤਾਂ ਦੁਨੀਆ ਦੇ ਲੋਕ ਸਮਝਦੇ ਕਿ ਪੈਰਿਸ ਦੇ ਸਮਰਾਟ ਅੰਦਰ ਇੱਕ ਭਿਖਾਰੀ ਜਿੰਨਾ ਵੀ ਸ਼ਿਸ਼ਟਾਚਾਰ ਨਹੀਂ ਹੈ। ਸਮਰਾਟ ਨਾਲੋਂ ਤਾਂ ਪੈਰਿਸ ਦਾ ਭਿਖਾਰੀ ਚੰਗਾ ਹੈ। ਨਿਮਰਤਾ ਨਾਲ ਹੀ ਵਿਅਕਤੀ ਦੀ ਉਚਕੁਲ ਦਾ ਪਤਾ ਲੱਗਦਾ ਹੈ।''

ਸਮਰਾਟ ਦਾ ਉਤਰ ਸੁਣ ਕੇ ਸਾਰਿਆਂ ਦੇ ਸਿਰ ਉਹਨਾਂ ਦੀ ਮਹਾਨਤਾ ਅੱਗੇ ਝੁੱਕ ਗਏ।

ਪਿਆਰੇ ਬੱਚਿਉ! ਨਿਮਰਤਾ ਮਹਾਨ ਵਿਅਕਤੀਆਂ ਦਾ ਗਹਿਣਾ ਹੈ। ■

# ਕਲਾ ਪਾਰਖੀ ਕੌਣ?

– ਵਿਭਾ ਵਰਮਾ

ਰਾਜਾ ਕ੍ਰਿਸ਼ਣਦੇਵ ਰਾਏ ਨੂੰ ਸੰਗੀਤ ਨਾਲ ਬੜਾ ਪ੍ਰੇਮ ਸੀ। ਇੱਕ ਵਾਰ ਉਹਨਾਂ ਨੇ ਬਨਾਰਸ ਤੋਂ ਕਿਸੇ ਪ੍ਰਸਿੱਧ ਗਵਈਏ ਨੂੰ ਬੁਲਾਇਆ। ਦੇਰ ਰਾਤ ਤੱਕ ਦਰਬਾਰ ਵਿੱਚ ਉਸ ਤੋਂ ਰਾਗ ਸੁਣਦੇ ਰਹੇ। ਦਰਬਾਰੀ ਅੱਕ ਰਹੇ ਸਨ, ਊਂਘ ਰਹੇ ਸਨ ਫਿਰ ਵੀ ਰਾਜਾ ਨੂੰ ਖੁਸ਼ ਕਰਨ ਲਈ ਵਾਹ! ਵਾਹ! ਕਹਿ ਰਹੇ ਸਨ। ਅਚਾਨਕ ਰਾਜੇ ਦੀ ਨਿਗਾਹ ਤੇਨਾਲੀਰਾਮ ਤੇ ਪਈ। ਉਹ ਇੱਕ ਕੋਨੇ ਵਿੱਚ ਚੁਪਚਾਪ ਬੈਠਾ ਸੀ, ਉਹ ਝਪਕੀ ਲੈ ਰਿਹਾ ਸੀ। ਵੇਖਦੇ ਹੀ ਰਾਜਾ ਨਾਰਾਜ਼ ਹੋ ਗਿਆ। ਸੰਗੀਤ ਸਮਾਪਤ ਹੋ ਗਿਆ। ਰਾਜਾ ਨੇ ਤੇਨਾਲੀਰਾਮ ਨੂੰ ਯਾਦ ਕੀਤਾ। ਉਹ ਸੁੱਤਾ ਹੋਇਆ ਸੀ। ਸਿਪਾਹੀ ਉਹਨੂੰ ਫੜ ਕੇ ਰਾਜਾ ਦੇ ਨੇੜੇ ਲਿਆਏ।

ਰਾਜਾ ਬੋਲੇ – ਤੇਨਾਲੀਰਾਮ, ਤੂੰ ਮਹਿਮਾਨ ਗਵਈਏ ਦੇ ਨਾਲ ਮੇਰਾ ਵੀ ਅਪਮਾਨ ਕੀਤਾ ਹੈ। ਹੁਕਮ ਦੇ ਉਲਟ ਤੂੰ ਦਰਬਾਰੀ ਮਹਿਫਲ ਵਿੱਚ ਸਾਰਾ ਸਮਾਂ ਸੁੱਤਾ ਰਿਹਾ। ਤੈਨੂੰ ਕਠੋਰ ਦੰਡ ਮਿਲਣਾ ਚਾਹੀਦਾ ਹੈ। ਤੂੰ ਮੇਰਾ ਰਾਜ ਛੱਡ ਕੇ ਤੁਰੰਤ ਚਲਾ ਜਾ।

ਦਰਬਾਰੀ ਖੁਸ਼ ਹੋ ਗਏ। ਤੇਨਾਲੀਰਾਮ ਤਰੱਬਕ ਗਿਆ। ਫਿਰ ਬੋਲਿਆ– ਮਹਾਰਾਜ, ਆਪ ਦਾ ਹੁਕਮ ਸਿਰ-ਮੱਥੇ ਤੇ। ਮਾਂ ਬਚਪਨ ਵਿੱਚ ਲੋਰੀਆਂ ਸੁਣਾਉਂਦੀ ਸੀ। ਉਹਨਾਂ ਨੂੰ ਸੁਣ ਕੇ ਸੁੱਧ-ਬੁੱਧ ਗਵਾ ਬੈਠਦਾ ਸੀ। ਅੱਜ ਦਾ ਸੰਗੀਤ ਸੁਣ ਕੇ ਮੈਨੂੰ ਉਹੋ ਜਿਹਾ ਹੀ ਲੱਗਾ ਜਿਵੇਂ ਮੈਂ ਮਿੱਠੀਆਂ ਲੋਰੀਆਂ ਸੁਣ ਰਿਹਾ ਹਾਂ। ਮੈਨੂੰ ਕੁੱਝ ਵੀ ਹੋਸ਼ ਨਹੀਂ ਰਿਹਾ।

ਰਾਜਾ ਨੇ ਗਵਈਏ ਵੱਲ ਵੇਖਿਆ। ਗਵਈਆ ਮੁਸਕਰਾ ਕੇ ਬੋਲਿਆ– ਇਹੀ ਸਭ ਤੋਂ ਵੱਡਾ ਕਲਾ ਪਾਰਖੀ ਹੈ ਮਹਾਰਾਜ। ਇਸ ਨੂੰ ਮਾਫ਼ ਕਰ ਦੇਣਾ ਚਾਹੀਦਾ ਹੈ। ਰਾਜਾ ਨੇ ਤੇਨਾਲੀਰਾਮ ਨੂੰ ਮਾਫ਼ ਕਰ ਦਿੱਤਾ ਅਤੇ ਇਨਾਮ ਵੀ ਦਿੱਤਾ।

– ਵਾਸਤਵਿਕਤਾ ਇਹੀ ਹੈ ਕਿ ਜੋ ਲੋਕ ਦਿਮਾਗ ਤੋਂ ਜਾਗ੍ਰਿਤ ਰਹਿੰਦੇ ਹਨ, ਉਹ ਨਿਡੱਰ ਵੀ ਰਹਿੰਦੇ ਹਨ ਅਤੇ ਆਪਣੇ ਤੇ ਆਈ ਮੁਸੀਬਤ ਦਾ ਉਹ ਹੱਲ ਵੀ ਤੁਰੰਤ ਲੱਭ ਲੈਂਦੇ ਹਨ।



# ਕੋਈ ਗੋਰਾ, ਕੋਈ ਕਾਲਾ ਕਿਉਂ ਹੁੰਦਾ ਹੈ?

- ਪ੍ਰਭਜੋਤ ਕੌਰ



ਮਨੁੱਖ ਦੀ ਚਮੜੀ ਵਿੱਚ ਦੋ ਤਰ੍ਹਾਂ ਦੇ ਰੰਜਕ ਕਣ 'ਮਿਲੇਨਿਨ' ਪਾਏ ਜਾਂਦੇ ਹਨ। ਇੱਕ ਤਾਂ ਭੂਰੇ-ਕਾਲੇ ਰੰਗ ਦੇ ਯੂਮਿਲੇਨਿਨ ਜਿਹਨਾਂ ਦਾ ਨਿਰਮਾਣ ਇੱਕ ਤਰ੍ਹਾਂ ਦੇ ਪਦਾਰਥ ਟਾਈਰੋਸਿਨ ਨਾਲ ਹੁੰਦਾ ਹੈ, ਅਤੇ ਦੂਸਰੇ ਫੇਓਮਿਲੇਨਿਨ ਇਸ ਦਾ ਰੰਗ ਪੀਲੇ ਤੋਂ ਲੈ ਕੇ ਲਾਲ ਹੁੰਦਾ ਹੈ।

ਮਨੁੱਖ ਵਿੱਚ ਇਹਨਾਂ ਦੇ ਇਲਾਵਾ ਦੋ ਹੋਰ ਰੰਜਕ ਕਣ ਹੀਮੋਗਲੋਬਿਨ (ਜਿਸ ਦੇ ਕਾਰਣ ਖ਼ੂਨ ਦਾ ਰੰਗ ਲਾਲ ਹੁੰਦਾ ਹੈ) ਅਤੇ ਕੈਰੋਟੀਨ (ਜਿਸ ਦੇ ਕਾਰਣ ਚਮੜੀ ਦਾ ਰੰਗ ਪੀਲਾ ਹੁੰਦਾ ਹੈ) ਵੀ ਪਾਏ ਜਾਂਦੇ ਹਨ, ਇਹ ਸਾਰੇ ਰੰਜਕ ਮਿਲ ਕੇ ਚਮੜੀ ਨੂੰ ਰੰਗ ਪ੍ਰਦਾਨ ਕਰਦੇ ਹਨ ਪ੍ਰੰਤੂ ਮਨੁੱਖ ਦਾ ਕਾਲਾ ਜਾਂ ਗੋਰਾ ਹੋਣਾ ਕੇਵਲ ਮਿਲੇਨਿਨ ਦੇ ਉਪਰ ਨਿਰਭਰ ਕਰਦਾ ਹੈ।

ਮਿਲੇਨਿਨ ਦਾ ਉਤਪਾਦਨ ਇੱਕ ਤਰ੍ਹਾਂ ਦੀਆਂ ਵਿਸ਼ੇਸ਼ ਕੋਸ਼ਕਾਵਾਂ 'ਮਿਲੇਨੋਸਾਈਟ' ਵਿੱਚ ਹੁੰਦਾ ਹੈ। ਮਿਲੇਨੋਸਾਈਟ ਦਾ ਆਕਾਰ ਅਤੇ ਮਿਲੇਨਿਨ ਦੀ ਮਾਤਰਾ ਭਿੰਨ-ਭਿੰਨ ਹੁੰਦੀ ਹੈ।

ਕਾਲੀ ਚਮੜੀ ਵਿੱਚ ਮਿਲੇਨੋਸੋਮ ਵੱਡੇ ਅਤੇ ਮਿਲੇਨੋਸਾਈਟ ਕੋਸ਼ਿਕਾਵਾਂ ਸਾਰੀ ਚਮੜੀ ਵਿੱਚ ਬਰਾਬਰ ਰੂਪ ਵਿੱਚ ਫੈਲੀਆਂ ਹੁੰਦੀਆਂ ਹਨ। ਇਸ ਦੇ ਉਲਟ ਗੋਰੀ ਚਮੜੀ ਵਿੱਚ ਮਿਲੇਨੋਸੋਮ ਛੋਟੇ ਅਤੇ ਮਿਲੋਨੋਸਾਇਟ ਕੋਸ਼ਕਾਵਾਂ ਛੋਟੇ-ਛੋਟੇ ਸਮੂਹਾਂ ਵਿੱਚ ਜਮਾ ਰਹਿੰਦੀਆਂ ਹਨ।

ਚਮੜੀ ਵਿੱਚ ਮਿਲੇਨਿਨ ਦੀ ਮਾਤਰਾ ਉਸ ਨੂੰ ਮਿਲਣ ਵਾਲੀ ਪ੍ਰਕਾਸ਼ ਦੀ ਮਾਤਰਾ ਤੇ ਨਿਰਭਰ ਕਰਦੀ ਹੈ।

ਉਂਝ ਗਰਮ ਪ੍ਰਦੇਸ਼ਾਂ ਦੇ ਲੋਕਾਂ ਦੀ ਚਮੜੀ ਵਿੱਚ ਮਿਲੇਨਿਨ ਜ਼ਿਆਦਾ ਹੋਣ ਨਾਲ ਚਮੜੀ ਕਾਲੀ ਹੁੰਦੀ ਹੈ, ਇਹ ਕਾਲਾ ਰੰਗ ਚਮੜੀ ਨੂੰ ਧੁੱਪ ਵਿੱਚ ਝੁਲਸਣ ਤੋਂ ਬਚਾਉਂਦਾ ਹੈ। ਗੋਰੀ ਚਮੜੀ ਧੁੱਪ ਵਿੱਚ ਝੁਲਸ ਜਾਂਦੀ ਹੈ। ▪

❖ *ਉਬਲਦੇ ਹੋਏ ਪਾਣੀ ਵਿੱਚ ਜਿਸ ਤਰ੍ਹਾਂ ਅਸੀਂ ਆਪਣਾ ਪ੍ਰਛਾਵਾਂ ਨਹੀਂ ਵੇਖ ਸਕਦੇ, ਉਸੇ ਤਰ੍ਹਾਂ ਅਸੀਂ ਕ੍ਰੋਧੀ ਬਣ ਕੇ ਨਹੀਂ ਸਮਝ ਸਕਦੇ ਕਿ ਸਾਡੀ ਭਲਾਈ ਕਿਸ ਗੱਲ ਵਿੱਚ ਹੈ।*

*- ਮਹਾਤਮਾ ਬੁੱਧ*


### ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

| | |
|---|---|
| 1) ਕਲਯੁਗ | 8) ਮਤੰਗ |
| 2) ਸਲਾਰਜੰਗ ਮਿਊਜ਼ੀਅਮ | 9) ਅਲੈਗਜੈਂਡਰ ਫਲੇਮਿੰਗ |
| 3) ਗਗਨ ਨਾਰੰਗ | 10) ਹਮ ਲੋਗ |
| 4) ਵਾਰੇਨ ਹੈਸਟਿੰਗ | 11) ਸਿਨੇਗਾਗ |
| 5) ਅੰਗ ਦੇਸ਼ | 12) ਵਾਇਜੈਗ |
| 6) ਬੀਜਿੰਗ | 13) ਲਾਰਡ ਕੇਨਿੰਗ |
| 7) ਨਿਰਵਾਚਨ ਆਯੋਗ | 14) ਸ਼ਿਲਾਂਗ |

# ਗਲਤੀ ਦਾ ਅਹਿਸਾਸ

– ਅਮਨਪ੍ਰੀਤ ਸਿੰਘ

ਇੱਕ ਜੰਗਲ ਵਿੱਚ ਇੱਕ ਨਦੀ ਕਿਨਾਰੇ ਦੋ ਦਰਖਤ ਸਨ। ਇੱਕ ਬੋਹੜ ਦਾ ਦਰੱਖਤ ਸੀ ਤੇ ਦੂਸਰਾ ਜਾਮੁਣ ਦਾ ਦਰੱਖਤ ਸੀ। ਬੋਹੜ ਬਹੁਤ ਵੱਡਾ ਅਤੇ ਸੰਘਣਾ ਸੀ। ਜਾਮੁਣ ਦਾ ਦਰੱਖਤ ਬੋਹੜ ਨਾਲੋਂ ਬਹੁਤ ਛੋਟਾ ਸੀ। ਬੋਹੜ ਦੇ ਦਰੱਖਤ ਦਾ ਸੁਭਾਅ ਬਿਲਕੁਲ ਵੀ ਚੰਗਾ ਨਹੀਂ ਸੀ। ਜਾਮੁਣ ਦੇ ਦਰੱਖਤ ਦਾ ਸੁਭਾਅ ਮਿੱਠੀਆਂ ਜਾਮੁਣਾਂ ਵਾਂਗ ਮਿੱਠਾ ਤੇ ਚੰਗਾ ਸੀ। ਬੋਹੜ ਕਈ ਵਾਰ ਜਾਮੁਣ ਦੇ ਦਰੱਖਤ ਦਾ ਮਜ਼ਾਕ ਵੀ ਉਡਾਉਂਦਾ ਸੀ। ਜਾਮੁਣ ਦਾ ਦਰਖਤ ਬਿਲਕੁਲ ਵੀ ਉਸ ਦਾ ਬੁਰਾ ਨਹੀਂ ਮਨਾਉਂਦਾ ਸੀ ਸਗੋਂ ਬੋਹੜ ਦੀ ਹੀ ਵਡਿਆਈ ਕਰਦਾ ਸੀ ਕਿ ਭਰਾਵਾ, ਤੂੰ ਹੀ ਮੈਥੋਂ ਵੱਡਾ ਅਤੇ ਸਮਝਦਾਰ ਹੈ।



ਨਦੀ ਦੇ ਕਿਨਾਰੇ ਹੀ ਬਹੁਤ ਸਾਰੇ ਫੁੱਲ ਵੀ ਲੱਗੇ ਹੋਏ ਸਨ। ਅਕਸਰ ਮਧੂਮੱਖੀਆਂ ਰਸ ਇਕੱਠਾ ਕਰਨ ਲਈ ਉਨ੍ਹਾਂ ਦੇ ਉਪਰ ਮੰਡਰਾਉਂਦੀਆਂ ਰਹਿੰਦੀਆ ਸਨ। ਮਧੂਮੱਖੀਆਂ ਦਾ ਸ਼ਹਿਦ ਦਾ ਛੱਤਾ ਉਨ੍ਹਾਂ ਫੁੱਲਾਂ ਤੋਂ ਕਾਫ਼ੀ ਦੂਰੀ ਤੇ ਸੀ ਜਿਸ ਕਾਰਨ ਆਉਣ-ਜਾਣ ਵਿੱਚ ਉਨ੍ਹਾਂ ਨੂੰ ਪਰੇਸ਼ਾਨੀ ਹੁੰਦੀ ਸੀ। ਇੱਕ ਦਿਨ ਰਾਣੀ ਮਧੂਮੱਖੀ ਉਸ ਨਦੀ ਕਿਨਾਰੇ ਆਈ ਅਤੇ ਉਸ ਨੇ ਉਹੀ ਬੋਹੜ ਦਾ ਅਤੇ ਜਾਮੁਣ ਦਾ ਦਰੱਖਤ ਦੇਖਿਆ। ਉਸ ਨੇ ਮਨ ਵਿੱਚ ਸੋਚਿਆ ਕਿ ਜੇਕਰ ਛੱਤਾ ਇਨ੍ਹਾਂ ਦਰੱਖਤਾਂ ਦੇ ਉਪਰ ਬਣਾ ਲਿਆ ਜਾਵੇ ਤਾਂ ਸਾਨੂੰ ਆਉਣ-ਜਾਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਰਾਣੀ ਮਧੂਮੱਖੀ ਨੇ ਇਹੀ ਸੋਚ ਕੇ ਸਾਰੀਆਂ ਮਧੂਮੱਖੀਆਂ ਨੂੰ ਬੁਲਾ ਲਿਆ ਤਾਂ ਜੋ ਫੁੱਲਾਂ ਦੇ ਨੇੜੇ ਹੀ ਸ਼ਹਿਦ ਦਾ ਛੱਤਾ ਬਣਾ ਲਿਆ ਜਾਵੇ। ਸਭ ਤੋਂ ਪਹਿਲਾਂ ਰਾਣੀ ਮਧੂਮੱਖੀ ਬੋਹੜ ਦੇ ਦਰੱਖਤ ਕੋਲ ਗਈ ਕਿਉਂਕਿ ਬੋਹੜ ਕਾਫ਼ੀ ਉੱਚਾ ਤੇ ਸੰਘਣਾ ਸੀ। ਰਾਣੀ ਮਧੂਮੱਖੀ ਨੇ ਬੋਹੜ ਨੂੰ ਬੇਨਤੀ ਕੀਤੀ ਕਿ ਬੋਹੜ ਭਰਾ, ਕੀ ਅਸੀਂ ਆਪਣਾ ਸ਼ਹਿਦ ਦਾ ਛੱਤਾ ਤੇਰੀ ਕਿਸੇ ਟਹਿਣੀ ਤੇ ਬਣਾ ਸਕਦੀਆਂ ਹਾਂ? ਜਦੋਂ ਬੋਹੜ ਨੇ ਮਧੂਮੱਖੀ ਦੀ ਇਹ ਗੱਲ ਸੁਣੀ ਤਾਂ ਉਸ ਨੇ ਸਾਫ਼ ਮਨਾ ਕਰ ਦਿੱਤਾ ਤੇ ਕਿਹਾ ਕਿ ਨਹੀਂ-ਨਹੀਂ,

ਮੈਂ ਆਪਣੀ ਕਿਸੇ ਵੀ ਟਹਿਣੀ ਤੇ ਤੁਹਾਡਾ ਛੱਤਾ ਨਹੀਂ ਬਣਾਉਣ ਦੇਵਾਂਗਾ। ਮੈਂ ਆਪਣੇ ਆਪ ਨੂੰ ਸਾਫ਼ ਰੱਖਣਾ ਚਾਹੁੰਦਾ ਹਾਂ। ਰਾਣੀ ਮਧੂਮੱਖੀ ਦੇ ਕਈ ਵਾਰ ਕਹਿਣ ਤੇ ਵੀ ਉਹ ਨਾ ਮੰਨਿਆ ਤਾਂ ਬੋਹੜ ਦੇ ਦਰੱਖਤ ਨੂੰ ਜਾਮੁਣ ਦਾ ਦਰੱਖਤ ਬੋਲਿਆ ਕਿ ਭਰਾ, ਬਣਾ ਲੈਣ ਦਿਓ ਸ਼ਹਿਦ ਦਾ ਛੱਤਾ। ਇਨ੍ਹਾਂ ਵਿਚਾਰੀਆਂ ਮਧੂਮੱਖੀਆਂ ਨੇ ਕੀ ਗੰਦਗੀ ਫੈਲਾਉਣੀ ਹੈ? ਜਾਮੁਣ ਦੇ ਦਰੱਖਤ ਦੇ ਕਹਿਣ ਤੇ ਵੀ ਉਸ ਨੇ ਮਨਾਂ ਕਰ ਦਿੱਤਾ।



ਫਿਰ ਰਾਣੀ ਮੱਖੀ ਨੇ ਜਾਮੁਣ ਦੇ ਦਰੱਖਤ ਨੂੰ ਕਿਹਾ ਕਿ ਭਰਾ, ਕੀ ਅਸੀਂ ਤੇਰੀ ਕਿਸੇ ਟਹਿਣੀ ਤੇ ਆਪਣਾ ਛੱਤਾ ਬਣਾ ਸਕਦੀਆਂ ਹਾਂ? ਜਾਮੁਣ ਦਾ ਦਰੱਖਤ ਬਹੁਤ ਚੰਗੇ ਸੁਭਾਅ ਦਾ ਸੀ। ਉਸ ਨੇ ਰਾਣੀ ਮਧੂਮੱਖੀ ਨੂੰ ਕਿਹਾ ਕਿ ਤੁਸੀਂ ਬੇਝਿਜਕ ਮੇਰੀਆਂ ਟਹਿਣੀਆਂ ਤੇ ਜਿੱਥੇ ਚਾਹੋ, ਛੱਤਾ ਬਣਾ ਸਕਦੀਆਂ ਹੋ ਤਾਂ ਕਿ ਤੁਹਾਨੂੰ ਕੋਈ ਪਰੇਸ਼ਾਨੀ ਨਾ ਹੋਵੇ। ਜੇ ਬੋਹੜ ਤੁਹਾਨੂੰ ਛੱਤਾ ਬਣਾਉਣ ਦੀ ਆਗਿਆ ਦੇ ਦਿੰਦਾ ਤਾਂ ਤੁਸੀਂ ਸ਼ਿਕਾਰੀਆਂ ਤੋਂ ਬੱਚ ਜਾਣਾ ਸੀ। ਤਾਂ ਰਾਣੀ ਮਧੂਮੱਖੀ ਕਹਿਣ ਲੱਗੀ ਕਿ ਜਾਮੁਣ ਭਰਾ, ਕੋਈ ਗੱਲ ਨਹੀਂ ਜੋ ਹੁੰਦਾ ਹੈ ਚੰਗੇ ਲਈ ਹੀ ਹੁੰਦਾ ਹੈ। ਸਾਰੀਆਂ ਮਧੂਮੱਖੀਆਂ ਨੇ ਮਿਲ ਕੇ ਉਸ ਜਾਮੁਣ ਦੇ ਦਰੱਖਤ ਤੇ ਸ਼ਹਿਦ ਦਾ ਛੱਤਾ ਬਣਾ ਲਿਆ।

ਹੁਣ ਮਧੂਮੱਖੀਆਂ ਨੂੰ ਫੁੱਲ ਬਹੁਤ ਨੇੜੇ ਪੈਂਦੇ ਸਨ ਜਿਸ ਕਾਰਨ ਉਹ ਵੀ ਖੁਸ਼ ਬਹੁਤ ਸਨ। ਜਾਮੁਣ ਦਾ ਦਰੱਖਤ ਮਧੂਮੱਖੀਆਂ ਨਾਲ ਗੱਲਾਂ ਵੀ ਕਰਦਾ ਰਹਿੰਦਾ ਸੀ। ਥੋੜ੍ਹੇ ਹੀ ਦਿਨਾਂ ਬਾਅਦ ਜੰਗਲ ਵਿੱਚ ਲੱਕੜਹਾਰੇ ਆ ਗਏ। ਉਨ੍ਹਾਂ ਨੂੰ ਬਹੁਤ ਸਾਰੀਆਂ ਲੱਕੜਾਂ ਦੀ ਲੋੜ ਸੀ। ਉਨ੍ਹਾਂ ਲੱਕੜਹਾਰਿਆਂ ਨੇ ਸਭ ਤੋਂ ਪਹਿਲਾਂ ਉਹੀ ਬੋਹੜ ਤੇ ਜਾਮੁਣ ਦਾ ਦਰੱਖਤ ਦੇਖਿਆ। ਉਨ੍ਹਾਂ ਨੇ ਸਭ ਤੋਂ ਪਹਿਲਾ ਜਾਮੁਣ ਦੇ ਦਰੱਖਤ ਨੂੰ ਵੱਢਣ ਦੀ ਸੋਚੀ। ਜਦੋਂ ਉਨ੍ਹਾਂ ਨੇ ਨੇੜੇ ਜਾ ਕੇ ਦਰੱਖਤ ਦੇ ਉਪਰ ਦੇਖਿਆ ਤਾਂ ਉਹ ਡਰ ਗਏ ਕਿਉਂਕਿ ਜਾਮੁਣ ਦੇ ਦਰੱਖਤ ਦੇ ਉਪਰ ਮਧੂਮੱਖੀਆਂ ਦਾ ਛੱਤਾ ਸੀ। ਇਸ ਲਈ ਉਨ੍ਹਾਂ ਨੇ ਜਾਮੁਣ ਦਾ ਦਰੱਖਤ ਵੱਢਣ ਦਾ ਵਿਚਾਰ ਛੱਡ ਦਿੱਤਾ ਅਤੇ ਫਿਰ ਉਹ ਬੋਹੜ ਦੇ ਦਰੱਖਤ ਵੱਲ ਗਏ। ਬੋਹੜ ਕਾਫ਼ੀ ਉੱਚਾ ਤੇ ਸੰਘਣਾ ਸੀ। ਉਸ ਉਪਰ ਕੋਈ ਮਧੂਮੱਖੀਆਂ ਦਾ

ਛੱਤਾ ਵੀ ਨਹੀਂ ਸੀ। ਲੱਕੜਹਾਰਿਆਂ ਨੇ ਉਸ ਬੋਹੜ ਨੂੰ ਵੱਢਣਾਂ ਸ਼ੁਰੂ ਕਰ ਦਿੱਤਾ। ਬੋਹੜ ਨੂੰ ਬਹੁਤ ਤਕਲੀਫ਼ ਹੋ ਰਹੀ ਸੀ। ਜਿਵੇਂ ਹੀ ਕੁਹਾੜੀ ਵੱਜਦੀ ਸੀ, ਉਸ ਨੂੰ ਬਹੁਤ ਦਰਦ ਹੁੰਦਾ। ਆਖਰ ਬੋਹੜ ਤਕਲੀਫ਼ ਦੇ ਕਾਰਨ ਰੋਣ ਲੱਗਾ। ਬੋਹੜ ਦੀ ਇਹ ਹਾਲਤ ਦੇਖ ਕੇ ਜਾਮੁਣ ਦੇ ਦਰੱਖਤ ਨੂੰ ਉਸ ਤੇ ਦਇਆ ਆ ਗਈ। ਉਸ ਨੇ ਜਲਦੀ ਨਾਲ ਮਧੂਮੱਖੀਆਂ ਨੂੰ ਬੇਨਤੀ ਕੀਤੀ ਕਿ ਬੋਹੜ ਦੀ ਰੱਖਿਆ ਕਰੋ।


ਇਹ ਸੁਣ ਕੇ ਮਧੂਮੱਖੀਆਂ ਜਾਮੁਣ ਨੂੰ ਕਹਿਣ ਲੱਗੀਆਂ ਕਿ ਜਾਮੁਣ ਭਰਾ, ਸਾਨੂੰ ਕੀ ਲੋੜ ਹੈ ਉਸ ਦੀ ਮਦਦ ਕਰਨ ਦੀ। ਐਨਾ ਵਿਸ਼ਾਲ ਹੋ ਕੇ ਵੀ ਉਸ ਨੇ ਸਾਨੂੰ ਛੱਤਾ ਨਹੀਂ ਬਣਾਉਣ ਦਿੱਤਾ। ਜਾਮੁਣ ਦਾ ਦਰੱਖਤ ਕਹਿਣ ਲੱਗਾ ਕਿ ਉਹ ਭਾਵੇਂ ਜਿਵੇਂ ਦਾ ਵੀ ਹੈ, ਪਰ ਮੇਰਾ ਦੋਸਤ ਹੈ। ਜੇਕਰ ਉਸ ਨੇ ਸਾਡੇ ਨਾਲ ਚੰਗਾ ਵਰਤਾਓ ਨਹੀਂ ਕੀਤਾ ਤਾਂ ਸਾਨੂੰ ਵੀ ਉਸ ਵਾਂਗ ਨਹੀਂ ਬਣਨਾ ਚਾਹੀਦਾ। ਮੁਸੀਬਤ ਵੇਲੇ ਸਭ ਦੀ ਮਦਦ ਕਰਨੀ ਚਾਹੀਦੀ ਹੈ। ਇਹ ਸੁਣ ਕੇ ਰਾਣੀ ਮਧੂਮੱਖੀ ਨੇ ਆਪਣੀਆਂ ਦੂਸਰੀਆਂ ਮਧੂਮੱਖੀਆਂ ਨੂੰ ਆਦੇਸ਼ ਦਿੱਤਾ ਕਿ ਬੋਹੜ ਦੀ ਜਲਦੀ ਨਾਲ ਮਦਦ ਕਰੋ। ਮਧੂਮੱਖੀਆਂ ਨੇ ਉਸ ਲੱਕੜਹਾਰਿਆਂ ਤੇ ਹਮਲਾ ਕਰ ਦਿੱਤਾ। ਜਦੋਂ ਉਨ੍ਹਾਂ ਦੇ ਡੰਗ ਵੱਜਣ ਲੱਗੇ ਤਾਂ ਲੱਕੜਹਾਰੇ ਓਥੋਂ ਜਲਦੀ ਨਾਲ ਕੁਹਾੜੀਆਂ ਸੁੱਟ ਕੇ ਭੱਜ ਗਏ ਤੇ ਉਨ੍ਹਾਂ ਨੇ ਪਿੱਛੇ ਮੁੜ ਕੇ ਵੀ ਨਾ ਦੇਖਿਆ। ਇਸ ਤਰ੍ਹਾਂ ਬੋਹੜ ਦਾ ਦਰੱਖਤ ਕੱਟਣ ਤੋਂ ਬੱਚ ਗਿਆ। ■

ਪਿਆਰੇ ਬੱਚਿਓ! ਇਹ ਸਭ ਦੇਖ ਕੇ ਬੋਹੜ ਬਹੁਤ ਸ਼ਰਮਿੰਦਾ ਹੋਇਆ। ਉਸ ਨੇ ਉਸ ਜਾਮੁਣ ਦੇ ਦਰੱਖਤ ਅਤੇ ਮਧੂਮੱਖੀਆਂ ਦਾ ਬਹੁਤ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਮੈਂ ਅੱਗੇ ਤੋਂ ਕਿਸੇ ਨੂੰ ਵੀ ਆਪਣੇ ਉਪਰ ਕੁਝ ਵੀ ਬਣਾਉਣ ਤੋਂ ਨਹੀਂ ਰੋਕਾਂਗਾ। ਜਾਮੁਣ ਦੇ ਦਰੱਖਤ ਨੇ ਕਿਹਾ ਕਿ ਤੈਨੂੰ ਗਲਤੀ ਦਾ ਅਹਿਸਾਸ ਹੋ ਗਿਆ ਹੈ, ਇਹ ਹੀ ਬਹੁਤ ਹੈ।



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ .................................................................

...............................................................................

# ਜੂਨ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਖੁਸ਼ਦੀਪ ਸਿੰਘ (ਉਮਰ 11ਸਾਲ)
ਮੁਰਗੀ ਮੁਹੱਲਾ, ਬਟਾਲਾ
ਜ਼ਿਲਾ - ਗੁਰਦਾਸਪੁਰ (ਪੰਜਾਬ)

**ਦੂਸਰਾ ਨੰ:**

ਸ਼ੁਭਮ (ਉਮਰ 12 ਸਾਲ)
ਮੁਹੱਲਾ ਪੁਰ-ਹੀਰਾਂ, ਵਾਰਡ ਨੰ: 18
ਜ਼ਿਲਾ - ਹੁਸ਼ਿਆਰਪੁਰ (ਪੰਜਾਬ)

**ਤੀਸਰਾ ਨੰ:**

ਸ਼ੁਭਦੀਪ ਕੌਰ (ਉਮਰ 10 ਸਾਲ)
ਸਟਾਫ ਰੋਡ, ਸ਼ਰਮਾ ਕਲੀਨਿਕ, ਬਟਾਲਾ
ਜ਼ਿਲਾ - ਗੁਰਦਾਸਪੁਰ (ਪੰਜਾਬ))



## ਪਸੰਦ ਕੀਤੇ ਗਏ -

ਨਿਹਾਰਿਕਾ (ਲੁਧਿਆਣਾ),
ਵਿਦਿਤ ਬਜਾਜ (ਖੁਸ਼ਹਾਲਪੁਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਸ਼ੁਭਪ੍ਰੀਤ (ਅੰਮ੍ਰਿਤਸਰ),
ਗੁਰਮੁਖ ਨੂਰ (ਗੁਮਟਾਲਾ),
ਸਹਿਜ ਬਾਂਸਲ (ਪਾਤੜਾਂ),
ਭਾਵੇਸ਼ ਬਾਂਸਲ (ਰਾਏਕੋਟ),
ਜਸਪ੍ਰੀਤ ਕੌਰ (ਬੋਹਾ),
ਗੁਰਵਿੰਦਰ (ਜ਼ੀਰਾ),
ਅਰਸ਼ਦੀਪ ਸਿੰਘ (ਰੂਪੋਵਾਲ),
ਸੁਖਪ੍ਰੀਤ ਸਿੰਘ (ਮਾਨਸਾ),
ਨਵਪ੍ਰੀਤ ਕੌਰ (ਕਪੂਰਥਲਾ),
ਪ੍ਰੇਰਣਾ (ਬੇਦੀ ਨਗਰ),
ਸਮੀਪਤਾ ਖੁਰਾਨਾ (ਜਲੰਧਰ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਰਸ਼ਮੀਤ ਕੌਰ (ਦਿੱਲੀ),


## ਅਗਸਤ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਗਸਤ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਕਤੂਬਰ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਇੱਕ ਅਨੋਖਾ ਜੰਗਲ

– ਰਾਜਕੁਮਾਰ ਜੈਨ





ਸੇਲਵਾ ਅਮੇਜਨ ਨਦੀ ਦੀ ਘਾਟੀ ਵਿੱਚ ਇੱਕ ਜੰਗਲ ਹੈ। ਸੇਲਵਾ ਦੁਨੀਆ ਦੇ ਸਭ ਤੋਂ ਵੱਧ ਸੰਘਣੇ ਜੰਗਲਾਂ ਵਿੱਚੋਂ ਹੈ। ਸਾਲਭਰ ਇਥੋਂ ਦਾ ਤਾਪਮਾਨ ਬਹੁਤ ਜ਼ਿਆਦਾ ਰਹਿੰਦਾ ਹੈ। ਲਗਭਗ ਰੋਜ਼ਾਨਾ ਇਥੇ ਵਰਖਾ ਹੁੰਦੀ ਹੈ। ਹਰ ਰੋਜ਼ ਸ਼ਾਮ ਤਿੰਨ ਤੋਂ ਚਾਰ ਵਜੇ ਤਕ ਥੰਡਰਕਲੈਪ ਹੁੰਦਾ ਰਹਿੰਦਾ ਹੈ, ਹਨ੍ਹੇਰੀ ਤੁਫ਼ਾਨ ਆਉਂਦਾ ਹੈ ਅਤੇ ਮੂਸਲਾਧਾਰ ਵਰਖਾ ਹੁੰਦੀ ਹੈ। ਲਗਭਗ ਇਥੇ ਹਰ ਸਾਲ 100 ਤੋਂ 200 ਵਾਰ ਇਸ ਤਰ੍ਹਾਂ ਦੇ ਹਨ੍ਹੇਰੀ ਤੂਫਾਨ ਆਉਂਦੇ ਹਨ। ਅਮੇਜਨ ਨਦੀ ਦੀ ਘਾਟੀ ਦੇ ਅੰਦਰੂਨੀ ਹਿੱਸਿਆਂ ਵਿੱਚ ਸਾਲਭਰ ਵਿੱਚ, 160 ਸੈਂਟੀਮੀਟਰ ਅਤੇ ਅਮੇਜਨ ਨਦੀ ਦੇ ਕਿਨਾਰੇ ਤੇ ਲਗਭਗ 220 ਸੈ.ਮੀ. ਵਰਖਾ ਹੁੰਦੀ ਹੈ।

ਸੇਲਵਾ ਵਿੱਚ ਮੌਸਮ ਕਦੇ ਨਹੀਂ ਬਦਲਦਾ। ਸਦਾ ਹੀ ਗਰਮੀ ਦਾ ਮੌਸਮ ਰਹਿੰਦਾ ਹੈ। ਕਿਉਂਕਿ ਇਥੋਂ ਹੀ ਹਵਾ ਵਿੱਚ ਪਾਣੀ ਦੀ ਨਮੀ ਕਾਫੀ ਮਾਤਰਾ ਵਿੱਚ ਮਿਲੀ ਹੁੰਦੀ ਹੈ, ਇਸ ਲਈ ਹਮੇਸ਼ਾਂ ਵਾਸ਼ਪ ਦੇ ਰੂਪ ਵਿੱਚ ਬਿਰਾਜਮਾਨ ਰਹਿੰਦੀ ਹੈ।

ਸੇਲਵਾ ਦੇ ਜੰਗਲ ਐਨੇ ਸੰਘਣੇ ਹਨ ਕਿ ਜਿਥੇ ਸੂਰਜ ਦੀਆਂ ਕਿਰਣਾਂ ਤਕ ਪ੍ਰਵੇਸ਼ ਨਹੀਂ ਕਰ ਸਕਦੀਆਂ। ਸਿੱਟੇ ਵਜੋਂ ਸੂਰਜ-ਪ੍ਰਕਾਸ਼ ਲੈਣ ਲਈ ਇਥੋਂ ਦੇ ਰੁੱਖ ਲੰਮੇ ਹੁੰਦੇ ਜਾਂਦੇ ਹਨ। ਕਈ ਰੁੱਖ ਤਾਂ 520 ਫੁੱਟ ਤਕ ਉਚੇ ਪਾਏ ਜਾਂਦੇ ਹਨ। ਜੰਗਲ ਦੇ ਹੇਠਲੇ ਹਿੱਸੇ ਵਿੱਚ ਹਮੇਸ਼ਾਂ ਘਣਾ ਹਨ੍ਹੇਰਾ ਛਾਇਆ ਰਹਿੰਦਾ ਹੈ ਅਤੇ ਉਥੇ ਸਾਲ ਭਰ ਸਿਲਨ ਬਣੀ ਰਹਿੰਦੀ ਹੈ। ਇਥੇ ਰੋਸ਼ਨੀ ਦੀ ਘਾਟ ਵਿੱਚ ਝਾੜੀਆਂ ਤਾਂ ਨਹੀਂ ਉਗਦੀਆਂ ਪਰ ਰੁੱਖਾਂ ਦੀਆਂ ਉਪਰੀ ਟਹਿਣੀਆਂ ਤੇ ਬਹੁਤ ਸਾਰੀਆਂ ਵੇਲਾਂ ਜ਼ਰੂਰ ਫਲਦੀਆਂ-ਫੁਲਦੀਆਂ ਰਹਿੰਦੀਆਂ ਹਨ।

ਸੇਲਵਾ ਦੇ ਜੰਗਲਾਂ ਦੇ ਰੁੱਖਾਂ ਦੇ ਪੱਤੇ ਕਾਫੀ ਚੌੜੇ ਅਤੇ ਵੱਡੇ ਆਕਾਰ ਦੇ ਹੁੰਦੇ ਹਨ ਅਤੇ ਜ਼ਿਆਦਾਤਰ ਰੁੱਖਾਂ ਦੀ ਲੱਕੜੀ ਬੇਹੱਦ ਸਖਤ ਅਤੇ ਮਜ਼ਬੂਤ ਹੁੰਦੀ ਹੈ। ਸੇਲਵਾ ਦੇ ਜੰਗਲਾਂ ਵਿੱਚ ਪਾਏ ਜਾਣ ਵਾਲੇ ਰੁੱਖਾਂ ਦੀ ਲੱਕੜੀ ਬਹੁਤ ਕੀਮਤੀ ਹੈ ਪ੍ਰੰਤੂ ਇਹਨਾਂ ਨੂੰ ਕੱਟ ਕੇ ਇਥੋਂ ਕਿਤੇ ਹੋਰ ਲੈ ਜਾਣਾ ਐਨਾ ਜਟਿਲ ਅਤੇ ਮੁਸ਼ਕਲ ਹੈ ਕਿ ਇਸ ਵਿੱਚ ਹੋਣ ਵਾਲੇ ਖਰਚ ਦੇ ਕਾਰਣ ਬਹੁਤ ਹੀ ਮਹਿੰਗਾ ਪੈਂਦਾ ਹੈ। ਇਥੋਂ ਦੇ ਰੁੱਖਾਂ ਨੂੰ ਕੱਟ ਕੇ ਰਾਹ ਤਿਆਰ ਕਰ ਸਕਣਾ ਸਚਮੁਚ ਟੇਡੀ ਖੀਰ ਹੈ। ਇਥੋਂ ਦੇ ਜੰਗਲਾਂ ਵਿੱਚ ਜੀਵ-ਜੰਤੂ ਕਾਫੀ ਮਾਤਰਾ ਵਿੱਚ ਹਨ ਪ੍ਰੰਤੂ ਜ਼ਿਆਦਾਤਰ ਜੀਵ-ਜੰਤੂ ਰੀਂਗਣ ਵਾਲੀ ਜਾਤੀ ਦੇ ਹਨ ਅਤੇ ਰੁੱਖਾਂ ਤੇ ਰਹਿੰਦੇ ਹਨ। ਵਿਭਿੰਨ ਪ੍ਰਕਾਰ ਦੇ ਕੀੜੇ-ਮਕੌੜੇ, ਮੱਛਰ, ਤਿਤਲੀਆਂ, ਚਮਗਾਦੜ, ਸੱਪ, ਛਛੂੰਦਰ, ਡੱਡੂ, ਉਡਣ ਵਾਲੀਆਂ ਗਲਿਹਰੀਆਂ ਅਤੇ ਵਿਭਿੰਨ ਪ੍ਰਕਾਰ ਦੇ ਬਾਂਦਰ ਇਥੇ ਬਹੁਤ ਜ਼ਿਆਦਾ ਦਿਖਾਈ ਦਿੰਦੇ ਹਨ। ▪

# ਚੋਰੀ ਦੀ ਸਜਾ

– ਦੀਪਾਂਸ਼ੂ ਜੈਨ

ਗੰਗਾ ਦੇ ਕਿਨਾਰੇ ਦੋ ਆਸ਼ਰਮ ਸਨ। ਦੋਵਾਂ ਆਸ਼ਰਮਾਂ ਵਿੱਚ ਵਿਦਿਆਰਥੀ ਦੂਰ-ਦੂਰ ਤੋਂ ਪੜ੍ਹਨ ਆਉਂਦੇ ਸਨ। ਇੱਕ ਦੇ ਸਵਾਮੀ ਸਨ ਸ਼ੰਖ ਅਤੇ ਦੂਸਰੇ ਦੇ ਪਰਮ। ਦੋਵੇਂ ਭਰਾ ਹੀ ਸਨ। ਸ਼ੰਖ ਵੱਡਾ ਸੀ ਅਤੇ ਪਰਮ ਛੋਟਾ। ਦੋਵੇਂ ਹੀ ਭਰਾ ਧਰਮਅਚਾਰੀਆਂ ਦੇ ਰੂਪ ਵਿੱਚ ਵੀ ਬਹੁਤ ਪ੍ਰਸਿੱਧ ਸਨ।

ਇੱਕ ਦਿਨ ਦੀ ਗੱਲ ਹੈ ਪਰਮ ਆਪਣੇ ਵੱਡੇ ਭਰਾ ਸ਼ੰਖ ਦੇ ਆਸ਼ਰਮ ਵਿੱਚ ਪਹੁੰਚੇ। ਉਹ ਕਿਤੇ ਗਏ ਹੋਏ ਸਨ। ਕੁੱਝ ਦੇਰ ਪਰਮ ਉਹਨਾਂ ਦੀ ਕੁਟੀਆ ਦੇ ਗੇਟ ਤੇ ਹੀ ਉਹਨਾਂ ਦੀ ਉਡੀਕ ਕਰਦੇ ਰਹੇ, ਫਿਰ ਬਗੀਚੇ ਵੱਲ ਨਿਕਲ ਗਏ। ਟਹਿਲਦੇ-ਟਹਿਲਦੇ ਉਹਨਾਂ ਦੀ ਨਜ਼ਰ ਪੱਕੇ ਹੋਏ ਸੁੰਦਰ-ਸੁੰਦਰ ਫਲਾਂ ਤੇ ਪਈ। ਉਹਨਾਂ ਦਾ ਮਨ ਮਚਲ ਗਿਆ। ਉਹਨਾਂ ਨੇ ਹੱਥ ਵਧਾ ਕੇ ਕੁੱਝ ਫਲ ਤੋੜ ਲਏ।

ਉਹ ਉਹਨਾਂ ਨੂੰ ਖਾਣ ਹੀ ਵਾਲੇ ਸਨ ਕਿ ਸ਼ੰਖ ਆ ਗਏ। ਇਹ ਵੇਖ ਕੇ ਉਹਨਾਂ ਨੇ ਛੋਟੇ ਭਰਾ ਤੋਂ ਪੁੱਛਿਆ, ''ਕੀ ਭੁੱਖ ਜ਼ਿਆਦਾ ਲੱਗੀ ਹੈ? ਇਹ ਫਲ ਤੈਨੂੰ ਕਿਥੋਂ ਮਿਲੇ?''

ਪਰਮ ਨੇ ਅੱਗੇ ਵੱਧ ਕੇ ਪਹਿਲਾਂ ਉਹਨਾਂ ਦੇ ਪੈਰ ਛੂਹੇ, ਫਿਰ ਬੋਲੇ, ''ਇਹ ਫਲ ਆਪ ਦੇ ਆਸ਼ਰਮ ਦੇ ਹੀ ਹਨ... ਭੁੱਖ ਤਾਂ ਨਹੀਂ ਸੀ ਪਰ ਇਹਨਾਂ ਨੂੰ ਵੇਖ ਕੇ ਜੀ ਲਲਚਾ ਗਿਆ।''

ਐਨਾ ਸੁਣਦੇ ਹੀ ਸ਼ੰਖ ਗੰਭੀਰ ਹੋ ਗਏ। ਬੋਲੇ, ''ਭਾਈ, ਇਹ ਤਾਂ ਚੋਰੀ ਹੋਈ। ਮੇਰੇ ਤੋਂ ਬਿਨਾ ਪੁੱਛੇ ਮੇਰੇ ਆਸ਼ਰਮ ਦੇ ਫਲਾਂ ਨੂੰ ਤੋੜਨ ਦਾ ਸਾਹਸ ਤੈਨੂੰ ਕਿਵੇਂ ਹੋਇਆ?''


ਪਰਮ ਗਰਦਨ ਝੁਕਾਈ ਮੌਨ ਖੜਾ ਸੀ।

ਸ਼ੰਖ ਬੋਲੇ, ''ਤੂੰ ਹੁਣੇ ਰਾਜਾ ਦੇ ਕੋਲ ਜਾ ਅਤੇ ਕਹੋ ਕਿ ਮੈਂ ਚੋਰੀ ਕੀਤੀ ਹੈ, ਮੈਂ ਚੋਰ ਹਾਂ, ਮੈਨੂੰ ਦੰਡ ਦਿਉ।'' ਇਹ ਕਹਿ ਕੇ ਉਹ ਕੁਟੀਆ ਵੱਲ ਚਲ ਪਿਆ। ਪਰਮ ਉਥੇ ਖੜੇ ਦਾ ਖੜਾ ਰਹਿ ਗਿਆ। ਉਸ ਦਾ ਮਨ ਪਛਤਾਵੇ ਨਾਲ ਭਰ ਗਿਆ ਸੀ।

ਪਰਮ ਰਾਜਾ ਦੇ ਕੋਲ ਪਹੁੰਚਿਆ। ਦਰਬਾਰ ਲੱਗਾ ਹੋਇਆ ਸੀ। ਮਹਾਰਾਜ ਕਿਸੇ ਸੰਗੀਨ ਮਾਮਲੇ ਤੇ ਫੈਸਲਾ ਸੁਣਾ ਰਹੇ ਸਨ। ਦੁਆਰਪਾਲ ਨੇ ਆਚਾਰੀਆ ਪਰਮ ਦੇ ਆਉਣ ਦਾ ਸਮਾਚਾਰ ਮਹਾਰਾਜ ਤੱਕ ਪਹੁੰਚਾਇਆ। ਇਹ ਸਮਾਚਾਰ ਸੁਣਦੇ ਹੀ ਮਹਾਰਾਜ ਨੇ ਆਪਣੇ ਮੰਤਰੀਆਂ ਸਹਿਤ ਪੈਦਲ ਚਲ ਕੇ ਉਹਨਾਂ ਦਾ ਸਵਾਗਤ ਕੀਤਾ ਅਤੇ ਪੁੱਛਿਆ, ''ਆਦਰਯੋਗ, ਕਿਵੇਂ ਆਉਣਾ ਹੋਇਆ? ਕਹੋ ਕੀ ਆਗਿਆ ਹੈ?''

ਉਤਰ ਵਿੱਚ ਪਰਮ ਨੇ ਸਾਰੀ ਘਟਨਾ ਬਿਆਨ ਕਰ ਦਿੱਤੀ ਅਤੇ ਦੰਡ ਲਈ ਮਹਾਰਾਜ ਨੂੰ ਪ੍ਰਾਰਥਨਾ ਕਰਦੇ ਹੋਏ ਬੋਲੇ, ''ਮਹਾਰਾਜ, ਦੇਰੀ ਨਾ ਕਰੋ ਕਿਉਂਕਿ ਮੈਂ ਚੋਰੀ ਵਰਗਾ ਕੰਮ ਕੀਤਾ ਹੈ ....''

ਇਹ ਸੁਣ ਕੇ ਸਾਰੇ ਹੈਰਾਨ ਰਹਿ ਗਏ। ਮਹਾਰਾਜ ਨੇ ਉਹਨਾਂ ਨੂੰ ਬਹੁਤ ਸਮਝਾਇਆ ਕਿ ਇਹ ਕੋਈ ਅਜਿਹਾ ਅਪਰਾਧ ਨਹੀਂ ਹੈ ਜਿਸ ਤੇ ਆਪ ਐਨੇ





ਗੰਭੀਰ ਹੋ ਗਏ ਹੋ। ਲੇਕਿਨ ਪਰਮ ਸਨ ਕਿ ਆਪਣੀ ਗੱਲ ਤੇ ਅੜੇ ਹੀ ਰਹੇ।

ਇਸ ਤੇ ਰਾਜਾ ਨੇ ਆਪਣੇ ਸਹਿਯੋਗੀਆਂ ਨਾਲ ਸਲਾਹ-ਮਸ਼ਵਰਾ ਕਰਨ ਲਈ ਸਮਾਂ ਮੰਗਿਆ। ਲੇਕਿਨ ਪਰਮ ਬੋਲੇ, ''ਰਾਜਨ! ਆਪ ਦੇ ਨਿਰਣੇ ਵਿੱਚ ਦੇਰੀ ਹੋਈ ਤਾਂ ਨਿਆਂ ਨਹੀਂ ਹੋ ਸਕੇਗਾ। ਹੋ ਸਕਦਾ ਹੈ ਕਿ ਆਪ ਦੇ ਮੰਤਰੀਆਂ ਨੂੰ ਮੇਰੇ ਤੇ ਦਯਾ ਆ ਜਾਏ... ਜਾਂ ਬਜ਼ੁਰਗ ਕਹਿਣ ਕਿ ਇਹ ਅਜਿਹਾ ਅਪਰਾਧ ਨਹੀਂ ਹੈ, ਜਿਸ ਤੇ ਦੰਡ ਦੇਣਾ ਜ਼ਰੂਰੀ ਹੋਵੇ।'' ਪਰਮ ਦਾ ਇਹ ਉਤਰ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ...ਕਿਉਂਕਿ ਫਲ ਉਹਨਾਂ ਦੇ ਹੱਥਾਂ ਨੇ ਤੋੜੇ ਸਨ। ਇਸ ਲਈ ਰਾਜਾ ਨੇ ਉਹਨਾਂ ਦੇ ਹੱਥ ਕੱਟਵਾ ਦਿੱਤੇ, ਪ੍ਰੰਤੂ ਪਰਮ ਇੱਕਦਮ ਮੌਨ ਸਨ। ਉਹਨਾਂ ਦੇ ਚਿਹਰੇ ਤੇ ਸ਼ਿਕਨ ਤਕ ਨਹੀਂ ਸੀ।

ਹੁਣ ਪਰਮ ਆਪਣੇ ਵੱਡੇ ਭਰਾ ਦੇ ਕੋਲ ਪਹੁੰਚੇ। ਉਹਨਾਂ ਦੇ ਪੈਰਾਂ ਵਿੱਚ ਡਿਗ ਗਏ ਅਤੇ ਬੋਲੇ, ਪਾਪੀ ਭਰਾ ਨੂੰ ਮਾਫ਼ ਕਰੋ।''


ਛੋਟੇ ਭਰਾ ਦਾ ਹਾਲ ਵੇਖ ਕੇ ਵੱਡੇ ਭਰਾ ਦੀਆਂ ਅੱਖਾਂ ਭਰ ਆਈਆਂ। ਉਹਨਾਂ ਨੇ ਅੱਗੇ ਵੱਧ ਕੇ ਉਸ ਨੂੰ ਗਲ ਲਾ ਲਿਆ ਅਤੇ ਬੋਲੇ, ''ਭਾਈ ਮੈਂ ਕ੍ਰੋਧਵਸ਼ ਹੋ ਕੇ ਤੈਨੂੰ ਰਾਜੇ ਕੋਲ ਨਹੀਂ ਭੇਜਿਆ ਸੀ ਬਲਕਿ ਤੇਰੇ ਤੋਂ ਚੋਰੀ ਵਰਗਾ ਘ੍ਰਿਣਤ ਕੰਮ ਹੋ ਗਿਆ ਸੀ, ਜਿਸ ਦਾ ਪਛਤਾਵਾ ਜ਼ਰੂਰੀ ਸੀ। ਰਾਜਦੰਡ ਨਾਲ ਉਹ ਹੋ ਗਿਆ, ਹੁਣ ਤੇਰੇ ਚਰਿੱਤਰ ਤੇ ਕੋਈ ਦਾਗ ਨਹੀਂ ਹੈ ..... ਜੇਕਰ ਅਜਿਹਾ ਨਾ ਹੁੰਦਾ ਤਾਂ ਸਾਡੀ ਕੁਲ ਤੇ ਚੋਰੀ ਦਾ ਕਲੰਕ ਲੱਗ ਜਾਂਦਾ।''

''ਹੁਣ ਆਗਿਆ ਦਿਉ......''

''ਜਾਉ ਭਾਈ, ਨਦੀ ਤੇ ਜਾਉ ਅਤੇ ਨਹਾ ਕੇ ਆਪਣੇ ਪੁਰਖਿਆ ਨੂੰ ਜਲਾਂਜਲਿ ਦਿਉ ਅਤੇ ਉਹਨਾਂ ਦੀ ਨਰਾਜਗੀ ਦੂਰ ਕਰੋ।''

ਇਹ ਸੁਣ ਕੇ ਪਰਮ ਨੂੰ ਬੜੀ ਹੈਰਾਨੀ ਹੋਈ। ਬਿਨਾਂ ਹੱਥਾਂ ਦੇ ਉਹ ਜਲਾਂਜਲੀ ਕਿਵੇਂ ਦੇਵੇ? ਫਿਰ ਵੀ ਵੱਡੇ ਭਰਾ ਦੀ ਆਗਿਆ ਮੰਨ ਕੇ ਉਹ ਨਦੀ ਕਿਨਾਰੇ ਪਹੁੰਚੇ। ਉਹਨਾਂ ਨੇ ਇੱਕ ਡੁਬਕੀ ਲਗਾਈ। ਜਿਵੇਂ ਹੀ ਉਹ ਬਾਹਰ ਨਿਕਲੇ ਤਾਂ ਉਹਨਾਂ ਦੀਆਂ ਅੱਖਾਂ ਹੈਰਾਨੀ ਨਾਲ ਫੈਲ ਗਈਆਂ। ਉਹਨਾਂ ਦੇ ਦੋਵੇਂ ਹੱਥ ਸਹੀ ਸਲਾਮਤ ਸਨ। ਉਹ ਨਦੀ ਤੋਂ ਬਾਹਰ ਨਿਕਲੇ ਅਤੇ ਦੌੜੇ-ਦੌੜੇ ਭਰਾ ਕੋਲ ਪਹੁੰਚੇ ਉਹ ਵੀ ਵੇਖ ਕੇ ਬਹੁਤ ਖੁਸ਼ ਹੋਏ ਅਤੇ ਬੋਲੇ, ''ਆਦਮੀ ਕਿੰਨਾ ਹੀ ਤਪ ਕਰੇ ਲੇਕਿਨ ਆਚਰਣ ਜੇਕਰ ਸ਼ੁਧ ਨਹੀਂ ਹੈ ਤਾਂ ਸਭ ਬੇਕਾਰ ਹੈ।''

ਇਹ ਸੁਣ ਕੇ ਪਰਮ ਨੇ ਝੁਕ ਕੇ ਉਹਨਾਂ ਦੇ ਪੈਰ ਛੂਹ ਲਏ।



# ਕਦੇ ਨਾ ਭੁੱਲੋ

❖ ਤੁਹਾਡਾ ਸੰਘਰਸ਼ ਜਿੰਨਾ ਜ਼ਿਆਦਾ ਹੋਵੇਗਾ, ਤੁਹਾਡੀ ਜਿੱਤ ਓਨੀ ਹੀ ਸ਼ਾਨਦਾਰ ਹੋਵੇਗੀ।

❖ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖ ਦੇਣਾ ਮਹਾਂ-ਪਾਪ ਹੈ।

– ਅਲਬਰਟ ਆਈਨਸਟੀਨ

❖ ਲੋਕਾਂ ਨਾਲ ਤਾਲਮੇਲ ਸਥਾਪਿਤ ਕਰ ਸਕਣਾ ਹੀ ਸਫਲਤਾ ਦਾ ਇੱਕ ਬਹੁਤ ਮਹੱਤਵਪੂਰਣ ਸੂਤਰ ਹੈ।

❖ ਉੱਤਮ ਵਿਅਕਤੀ ਸ਼ਬਦਾਂ ਵਿੱਚ ਸੁਸਤ ਅਤੇ ਚਰਿੱਤਰ ਵਿੱਚ ਚੁਸਤ ਹੁੰਦਾ ਹੈ।

– ਕੰਫਿਊਸ਼ੀਅਸ

❖ ਤੁਸੀਂ ਚਾਹੇ ਕਿੰਨੇ ਹੀ ਪ੍ਰਤਿਭਾਸ਼ਾਲੀ ਕਿਉਂ ਨਾ ਹੋਵੋ, ਆਪਣੇ ਆਪ ਨੂੰ ਪ੍ਰੇਰਿਤ ਨਹੀਂ ਕਰ ਸਕਦੇ ਤਾਂ ਔਸਤ ਨਤੀਜਿਆਂ ਨਾਲ ਹੀ ਸੰਤੁਸ਼ਟ ਹੋਣਾ ਪੈਂਦਾ ਹੈ।

❖ ਮੈਂ ਬਹਾਨਿਆਂ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਂ ਜੀਵਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕਠਿਨ ਮਿਹਨਤ ਨੂੰ ਪ੍ਰਮੁੱਖ ਮੰਨਦਾ ਹਾਂ।

❖ ਸਧਾਰਣ ਦਿੱਸਣ ਵਾਲੇ ਲੋਕ ਹੀ ਦੁਨੀਆਂ ਦੇ ਸਭ ਤੋਂ ਚੰਗੇ ਲੋਕ ਹੁੰਦੇ ਹਨ, ਇਹੀ ਵਜ੍ਹਾ ਹੈ ਕਿ ਭਗਵਾਨ ਅਜਿਹੇ ਬਹੁਤ ਸਾਰੇ ਲੋਕਾਂ ਦਾ ਨਿਰਮਾਣ ਕਰਦਾ ਹੈ।

– ਅਬ੍ਰਾਹਮ ਲਿੰਕਨ

❖ ਬੁਰਾਈ ਚਾਹੇ ਛੋਟੀ ਹੀ ਕਿਉਂ ਨਾ ਹੋਵੇ ਉਸ ਨੂੰ ਬਿਲਕੁਲ ਵੀ ਆਪਣੇ ਕੋਲ ਨਾ ਆਉਣ ਦਿਉ ਕਿਉਂਕਿ ਹੋਰ ਵੱਡੀਆਂ ਬੁਰਾਈਆਂ ਨਿਸ਼ਚਿਤ ਤੌਰ ਤੇ ਉਸ ਦੇ ਪਿੱਛੇ-ਪਿੱਛੇ ਆਉਣਗੀਆਂ।

❖ ਅਸੀਂ ਜਿਸ ਚੀਜ਼ ਦੀ ਭਾਲ ਕਿਤੇ ਹੋਰ ਕਰ ਰਹੇ ਹੁੰਦੇ ਹਾਂ ਹੋ ਸਕਦਾ ਹੈ ਕਿ ਉਹ ਸਾਡੇ ਆਸੇ-ਪਾਸੇ ਹੀ ਹੋਵੇ।

– ਨੇਪੋਲੀਅਨ ਹਿਲ

❖ ਕੇਵਲ ਨਿਰਪੱਖ ਅਤੇ ਇਮਾਨਦਾਰ ਲੋਕਾਂ ਦੇ ਕੰਮ ਮਿੱਠੀ ਸੁਗੰਧ ਦਿੰਦੇ ਹਨ ਅਤੇ ਫੁੱਲ ਦੇ ਵਾਂਗ ਖਿੜਦੇ ਹਨ।

❖ ਮਨੁੱਖ ਨੂੰ ਜਨਮ ਤੋਂ ਨਹੀਂ ਬਲਕਿ ਉਸ ਦੇ ਕਰਮ ਤੋਂ ਪਰਖਿਆ ਜਾਣਾ ਚਾਹੀਦਾ ਹੈ। ਮੁੱਖ ਗੱਲ ਹੈ ਸਦਾਚਾਰ, ਚੰਗੇ ਚਰਿੱਤਰ ਵਾਲਾ ਅਤੇ ਚੰਗੇ ਕਰਮ ਕਰਨ ਵਾਲਾ ਮਨੁੱਖ ਚੰਗਾ ਹੁੰਦਾ ਹੈ ਅਤੇ ਬੁਰੇ ਚਰਿੱਤਰ ਵਾਲਾ ਬੁਰੇ ਕਰਮ ਵਾਲਾ ਵਿਅਕਤੀ ਬੁਰਾ ਹੁੰਦਾ ਹੈ।

❖ ਝੂਠ ਨਾ ਬੋਲਣ ਦਾ ਗੁਣ ਗ੍ਰਹਿਣ ਕਰ ਲੈਣ ਨਾਲ ਹੋਰ ਕਿਸੇ ਧਰਮ ਕਰਮ ਦੀ ਲੋੜ ਨਹੀਂ ਰਹਿ ਜਾਂਦੀ।

– ਸਵਾਮੀ ਦਯਾਨੰਦ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ

ਬਾਲ ਕਵਿਤਾ

# ਆਜ਼ਾਦੀ ਨੂੰ ਕਦੇ ਨਾ ਭੁੱਲੋ

– ਡਾ. ਹਰੀਸ਼


*ਮੁਨਾ ਇਕ ਤਿਰੰਗਾ ਲਿਆਇਆ,*
*ਮੁਨੀ ਨੇ ਉਸ ਨੂੰ ਫਹਿਰਾਇਆ।*

*ਦੋਹਾਂ ਨੇ ਨਵਾਂ ਗੀਤ ਸੁਣਾਇਆ,*
*ਗੀਤ ਸਭ ਦੇ ਮਨ ਨੂੰ ਭਾਇਆ।*

*ਇਹ ਪਿਆਰਾ ਝੰਡਾ ਆਪਣਾ ਹੈ,*
*ਇਸ ਨੂੰ ਉਚੱਾ ਹੀ ਰੱਖਣਾ ਹੈ।*

*ਭਾਰਤਵਾਸੀ ਨੇਕ ਬਣਨਗੇ,*
*ਮਿਲਜੁਲ ਕੇ ਸਭ ਇਕ ਬਣਨਗੇ।*

*ਸੁਪਨਿਆਂ ਦੇ ਝੂਲੇ ਝੁੱਲਣਗੇ,*
*ਆਜ਼ਾਦੀ ਨੂੰ ਕਦੇ ਨਾ ਭੁੱਲਣਗੇ।*



ਚਿੱਤਰਕਥਾ

# ਹੋਣਹਾਰ ਲੱਛਮਣ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਮਾਂ-ਪਿਤਾ ਜੀ ਵੇਖੋ, ਮੈਨੂੰ ਪ੍ਰੀਖਿਆ ਵਿੱਚੋਂ ਪਹਿਲਾ ਦਰਜਾ ਮਿਲਿਆ ਹੈ।
A+
ਇੱਕ ਦਿਨ ਪਿੰਡ ਵਿੱਚ ਇੱਕ ਸ਼ੇਰ ਆ ਗਿਆ। ਸ਼ੇਰ ਨੂੰ ਵੇਖਦੇ ਲੋਕ ਇੱਧਰ-ਉਧਰ ਭੱਜਣ ਲੱਗੇ।
ਵੇਖੋ ਵੇਖੋ, ਉਥੇ ਸ਼ੇਰ ਹੈ। ਚਲੋ ਸਾਰੇ ਆਪਣੇ ਆਪਣੇ ਘਰਾਂ ਨੂੰ, ਕਿਤੇ ਸ਼ੇਰ ਹਮਲਾ ਨਾ ਕਰ ਦੇਵੇ।
ਲੱਛਮਣ ਨੇ ਸ਼ੇਰ ਵੇਖਿਆ ਤਾਂ ਉਸ ਨੇ ਆਪਣੇ ਪਿਤਾ ਜੀ ਨੂੰ ਕਿਹਾ, ਕਿਉਂ ਨਾ ਅਸੀਂ ਜੰਗਲ ਵਿਭਾਗ ਨੂੰ ਸ਼ੇਰ ਦੀ ਜਾਣਕਾਰੀ ਦੇ ਦੇਈਏ, ਤਾਂਕਿ ਉਹ ਇਸ ਨੂੰ ਲੈ ਜਾਣ।
ਹਾਂ ਬੇਟਾ, ਤੂੰ ਸਹੀ ਕਹਿ ਰਿਹਾ ਹੈ।


ਹੈਲੋ! ਸਰ ਸਾਡੇ ਪਿੰਡ ਵਿੱਚ ਇੱਕ ਸ਼ੇਰ ਆ ਗਿਆ ਹੈ। ਜਿਸ ਕਾਰਣ ਸਾਰੇ ਡਰੇ ਹੋਏ ਹਨਃ ਕਿਰਪਾ ਕਰਕੇ ਉਸ ਨੂੰ ਫੜ ਕੇ ਲੈ ਜਾਉ।
ਜੰਗਲ-ਵਿਭਾਗ ਦੇ ਕਰਮਚਾਰੀ ਸ਼ੇਰ ਨੂੰ ਬੰਧਕ ਬਣਾ ਕੇ ਪਿੰਜਰੇ ਵਿੱਚ ਲੈ ਜਾਂਦੇ ਹਨ।
ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ, ਕੱਲ ਪਿੰਡ ਵਿੱਚ ਕੀ ਹੋਇਆ ਸੀ? ਲੇਕਿਨ ਲੱਛਮਣ ਦੀ ਸੂਝਬੂਝ ਨਾਲ ਅੱਜ ਅਸੀਂ ਸੁਰੱਖਿਅਤ ਹਾਂ।
ਇੱਕ ਵਾਰ ਸਕੂਲ ਤੋਂ ਵਾਪਸ ਆਉਂਦੇ ਸਮੇਂ ਲੱਛਮਣ ਨੇ ਵੇਖਿਆ ਕਿ ਇੱਕ ਆਦਮੀ ਜ਼ਖਮੀ ਹਾਲਤ ਵਿੱਚ ਕਰਾਹ ਰਿਹਾ ਹੈ। ਲੱਛਮਣ ਨੇ ਲੋਕਾਂ ਦੀ ਸਹਾਇਤਾ ਨਾਲ ਉਸ ਨੂੰ ਹਸਪਤਾਲ ਪਹੁੰਚਾਇਆ।


ਅਗਲੇ ਦਿਨ
ਅਗਲੇ ਦਿਨ ਅਖਬਾਰ ਵਿੱਚ ਜ਼ਖਮੀ ਵਿਅਕਤੀ ਦੀ ਤਸਵੀਰ ਛੱਪਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਸਿਖਿਆ ਵਿਭਾਗ ਵਿੱਚ ਇੱਕ ਸਰਕਾਰੀ ਅਫਸਰ ਹੈ।
ਲੱਛਮਣ ਬੇਟਾ, ਤੂੰ ਬਹੁਤ ਸਮਝਦਾਰ ਹੈ ਜਿਸ ਤਰ੍ਹਾਂ ਤੂੰ ਮੇਰੀ ਜਾਨ ਬਚਾਈ, ਉਸ ਲਈ ਮੈਂ ਤੇਰਾ ਸ਼ੁਕਰਗੁਜਾਰ ਹਾਂ। ਮੈਂ ਤੈਨੂੰ ਇਸ ਕੰਮ ਲਈ ਪੁਰਸਕਾਰ ਦੇਵਾਂਗਾ।
ਸਕੂਲ ਵਿੱਚ ਪ੍ਰਿੰਸੀਪਲ ਸਾਹਿਬ ਲੱਛਮਣ ਨੂੰ ਪੁਰਸਕਾਰ ਪ੍ਰਦਾਨ ਕਰਦੇ ਹਨ।
ਸਿਖਿਆ - ਸਾਨੂੰ ਹਮੇਸ਼ਾ ਅਪਣੀ ਸਮਝਦਾਰੀ ਨਾਲ ਦੂਸਰਿਆਂ ਦੀ ਮਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |










# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**